ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ (ਜਲੰਧਰ)

ਮਿਤੀ- ਸ਼ਨਿਵਾਰ
05-04-2022

Gmail
lokbani08@gmail.com
Website
www.Lokbani.com

ਮੁੱਖ ਸੰਪਾਦਕ:- ਅਮਨ ਮਹਿਰਾ

R.N.I. Punpun/29016/2008 ☆ ਸਾਲ : 14 ☆ ਅੰਕ : 393 ☆ ਮੁੱਲ : 2.00 ਰੁਪਏ ☆ ਕੁੱਲ ਪੇਜ਼ : 10 ☆ ਫੈਕਸ : 0181-2211009 ☆ M. 99155-94111



ਰੋਜਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
ਸੰਪਰਕ:- 99155-94111

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com




## ਗੋਰਖਨਾਥ ਮੰਦਰ ਹਮਲੇ ਨੂੰ ਅੱਤਵਾਦੀ ਹਮਲੇ ਨਾਲ ਜੋੜ ਵੇਖਿਆ ਜਾ ਸਕਦਾ ਹੈ

**ਲਖਨਊ/ਲੋਕ ਬਾਣੀ**

ਐਤਵਾਰ ਸ਼ਾਮ ਗੋਰਖਨਾਥ ਮੰਦਰ @ਚ ਪੀ.ਏ.ਸੀ. ਜਵਾਨਾਂ @ਤੇ ਹੋਏ ਹਮਲੇ ਪਿੱਛੇ ਅੱਤਵਾਦੀ ਸਾਜ਼ਿਸ਼ ਹੋ ਸਕਦੀ ਹੈ। ਯੂ.ਪੀ. ਪੁਲਿਸ ਦਾ ਕਹਿਣਾ ਹੈ ਕਿ ਇਸ ਘਟਨਾ ਦੇ ਅੱਤਵਾਦੀ ਸੰਬੰਧ ਨੂੰ ਨਕਾਰਿਆ ਨਹੀਂ ਜਾ ਸਕਦਾ। ਇਸ ਦੌਰਾਨ ਯੂ.ਪੀ. ਸਰਕਾਰ ਨੇ ਘਟਨਾ ਦੀ ਜਾਂਚ ਏ.ਟੀ.ਐਸ. ਨੂੰ ਸੌਂਪ ਦਿੱਤੀ ਹੈ। ਦੂਜੇ ਪਾਸੇ ਮੁੱਖ ਮੰਤਰੀ ਆਦਿਤਿਆਨਾਥ ਵੀ ਅੱਜ ਸ਼ਾਮ ਗੋਰਖਪੁਰ ਪਹੁੰਚ ਰਹੇ ਹਨ। ਮੁੰਬਈ ਤੋਂ ਇੰਜੀਨੀਅਰਿੰਗ ਕਰਨ ਵਾਲੇ ਦੋਸ਼ੀ ਮੁਰਤਜ਼ਾ ਨੇ ਮੁੱਖ ਮੰਤਰੀ ਯੋਗੀ ਦੇ ਮੱਠ ਦੇ ਬਾਹਰ ਸੁਰੱਖਿਆ ਗਾਰਡਾਂ @ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਉਹ ਧਾਰਮਿਕ ਨਾਅਰੇ ਵੀ ਲਗਾ ਰਹੇ ਸਨ। ਤੇਜ਼ਧਾਰ ਹਥਿਆਰਾਂ ਦੀ ਵਰਤੋਂ ਕਰਦੇ ਹੋਏ ਉਸ ਨੇ ਮੰਦਰ ਦੇ ਅੰਦਰ ਵੀ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ।

# ਰੂਸ ਦੀ ਫ਼ੌਜ ਤੇ ਯੂਕਰੇਨ ਦੀ ਸੰਸਦ ਨੇ ਲਾਏ ਗੰਭੀਰ ਆਰੋਪ



**ਨਵੀਂ ਦਿੱਲੀ/ਲੋਕ ਬਾਣੀ**

ਰੂਸ ਅਤੇ ਯੂਕਰੇਨ ਵਿਚਾਲੇ ਸ਼ੁਰੂ ਹੋਈ ਜੰਗ ਨੂੰ 40 ਦਿਨ ਬੀਤ ਚੁੱਕੇ ਹਨ ਪਰ ਸਥਿਤੀ ਗੰਭੀਰ ਬਣੀ ਹੋਈ ਹੈ। ਸ਼ਹਿਰ ਦਾ ਬਹੁਤਾ ਹਿੱਸਾ ਮਲਬੇ @ਚ ਤਬਦੀਲ ਹੋ ਗਿਆ ਹੈ। ਚਾਰੇ ਪਾਸੇ ਸਿਰਫ਼ ਤਬਾਹੀ ਹੀ ਨਜ਼ਰ ਆ ਰਹੀ ਹੈ। ਰਾਜਧਾਨੀ ਕੀਵ, ਖਾਰਕੀਵ, ਮਾਰੀਉਪੋਲ, ਬੁਚਾ ਸਮੇਤ ਕਈ ਸ਼ਹਿਰਾਂ ਦੀ ਹਾਲਤ ਅਜਿਹੀ ਬਣ ਗਈ ਹੈ ਕਿ ਇੱਥੇ ਕਦੇ ਮਨੁੱਖ ਜਾਤੀ ਦਾ ਜਨਮ ਨਹੀਂ ਹੋਇਆ। ਇਸ ਦੌਰਾਨ ਸੋਮਵਾਰ ਨੂੰ ਯੂਕਰੇਨ ਦੇ ਸੰਸਦ ਮੈਂਬਰ ਨੇ ਰੂਸ @ਤੇ ਰੂਸੀ ਸੈਨਿਕਾਂ @ਤੇ ਨਾਬਾਲਗ ਲੜਕੀਆਂ ਨਾਲ ਬਲਾਤਕਾਰ ਅਤੇ ਔਰਤਾਂ @ਤੇ ਜ਼ੁਲਮ ਕਰਨ ਦਾ ਦੋਸ਼ ਲਗਾਇਆ।

ਯੂਕਰੇਨ ਦੀ ਇਕ ਸੰਸਦ ਮੈਂਬਰ ਲੇਸੀਆ ਵੈਸੀਲੇਂਕ ਨੇ ਦਾਅਵਾ ਕੀਤਾ ਕਿ ਰੂਸੀ ਸੈਨਿਕ ਨਾਬਾਲਗ ਲੜਕੀਆਂ ਅਤੇ ਔਰਤਾਂ @ਤੇ ਤਸ਼ੱਦਦ ਕਰ ਰਹੇ ਸਨ। ਉਸ ਨੇ ਕਿਹਾ ਕਿ ਰੂਸੀ ਸੈਨਿਕਾਂ ਨੇ 10 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਨਾਲ ਬਲਾਤਕਾਰ ਕੀਤਾ ਅਤੇ ਔਰਤਾਂ ਨੂੰ ਤਸੀਹੇ ਦਿੱਤੇ। ਸੰਸਦ ਮੈਂਬਰ ਨੇ ਟਵੀਟ ਕਰਕੇ ਇਹ ਦੋਸ਼ ਲਾਇਆ ਹੈ। ਸਾਂਸਦ ਵਾਸੀਲੇਂਕ ਨੇ ਕਿਹਾ ਕਿ ਯੂਕਰੇਨ ਵਿੱਚ ਜਿੱਥੇ ਵੀ ਰੂਸੀ ਸੈਨਿਕ ਗਏ, ਉਹ ਨਾ ਸਿਰਫ ਗੋਲੀਬਾਰੀ ਕਰ ਰਹੇ ਸਨ, ਸਗੋਂ ਲੋਕਾਂ ਨੂੰ ਲੁੱਟ ਰਹੇ ਸਨ, ਨਾਬਾਲਗ ਲੜਕੀਆਂ ਨਾਲ ਬਲਾਤਕਾਰ ਕਰਦੇ ਸਨ।



## ਖੱਟਰ ਬੋਲੇ ਪਹਿਲਾਂ ਹਰਿਆਣਾ ਦਾ ਪਾਣੀ ਸਾਨੂੰ ਦੇਵੋ ਬਾਕੀ ਗੱਲ ਬਾਅਦ ਵਿੱਚ ਹੋਵੇਗੀ

**ਚੰਡੀਗੜ੍ਹ/ਵਿਨੋਦ ਸ਼ਰਮਾ**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਪੰਜਾਬ ਦੀਆਂ ਪਹਿਲੀਆਂ ਸਰਕਾਰਾਂ ਨੇ ਹਰਿਆਣਾ ਨੂੰ ਮਿਲਣ ਵਾਲਾ ਪਾਣੀ ਰੋਕਿਆ ਸੀ। ਹੁਣ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜੋ ਇਕ ਪਾਸੇ ਹਰਿਆਣਾ ਦਾ ਪਾਣੀ ਰੋਕ ਰਹੀ ਹੈ ਤੇ ਦੂਜੇ ਪਾਸੇ ਦਿੱਲੀ ਲਈ ਪਾਣੀ ਮੰਗ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹਰਿਆਣਾ ਦਾ ਪਾਣੀ ਦੇਵੋ, ਬਾਕੀ ਗੱਲਾਂ ਬਾਅਦ ਵਿੱਚ ਹੋਣਗੀਆਂ। ਸ੍ਰੀ ਖੱਟਰ ਨੇ ਕਿਹਾ ਕਿ 'ਆਪ' ਸਰਕਾਰ ਦਾ ਫ਼ੈਸਲਾ ਲੋਕ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਪਾਣੀ, ਹਿੰਦੀ ਬੋਲਦੇ ਇਲਾਕੇ ਦਿਓ, ਫਿਰ ਗੱਲ ਕਰਾਂਗੇ। ਸੀਐੱਮ ਮਨੋਹਰ

## ਤੇਲ ਦੀਆਂ ਕੀਮਤਾਂ ਦੇ ਵਾਧੇ ਦੇ ਰੋਸ ਵਿੱਚ ਰਾਜ ਸਭਾ ਚ ਹੰਗਾਮਾ



**ਦਿੱਲੀ/ਕਪੂਰ**

ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਕਾਰਨ ਅੱਜ ਰਾਜ ਸਭਾ ਦੀ ਕਾਰਵਾਈ ਦੋ ਵਾਰ ਮੁਲਤਵੀ ਕਰਨ ਤੋਂ ਬਾਅਦ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਪਹਿਲਾਂ ਰਾਜ ਸਭਾ ਦੋ ਵਜੇ ਤਕ ਮੁਲਤਵੀ ਕੀਤੀ ਗਈ ਸੀ। ਜਿਉਂ ਹੀ ਰਾਜ ਸਭਾ ਦੁਬਾਰਾ ਜੁੜੀ ਤਾਂ ਵਿਰੋਧੀ ਧਿਰ ਨੇ ਪੈਟਰੋਲ, ਡੀਜ਼ਲਾਂ ਦੀਆਂ ਕੀਮਤਾਂ ਵਿਚ ਲਗਾਤਾਰ ਵਾਧੇ ਖਿਲਾਫ਼ ਆਵਾਜ਼ ਬੁਲੰਦ ਕੀਤੀ। ਇਸ ਮੌਕੇ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਨੇ ਕੁਝ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਪਰ ਰੌਲੇ ਰੱਪੇ ਕਾਰਨ ਉਨ੍ਹਾਂ ਦੀ ਆਵਾਜ਼ ਸੁਣੀ ਨਹੀਂ ਗਈ।

## ਨਾਗਪੁਰ ਵਿੱਚ ਕਰਵਾਈ ਗਈ ਇੰਡੀਗੋ ਜਹਾਜ਼ ਦੀ ਐਮਰਜੈਂਸੀ ਲੈਂਡਿੰਗ



**ਨਵੀਂ ਦਿੱਲੀ/ਲੋਕ ਬਾਣੀ**

ਇੰਡੀਗੋ ਏਅਰਲਾਈਨ ਦੇ ਇਕ ਜਹਾਜ਼ ਦੀ ਅੱਜ ਨਾਗਪੁਰ ਵਿਚ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਇਸ ਹਵਾਈ ਜਹਾਜ਼ ਦੇ ਉਡਾਣ ਭਰਨ ਤੋਂ ਬਾਅਦ ਆਸਮਾਨ ਵਿਚ ਧੂੰਆਂ ਦਿਖਾਈ ਦਿੱਤਾ ਜਿਸ ਕਾਰਨ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਇਹ ਉਡਾਣ 6 ਈ 7074 ਸੀ ਜਿਸ ਵਿਚ 50 ਯਾਤਰੀ ਤੇ 4 ਸਟਾਫ ਮੈਂਬਰ ਸਨ ਜੋ ਸਾਰੇ ਸੁਰੱਖਿਅਤ ਹਨ।

## ਸੀਆਰਪੀਏਫ਼ ਦੇ ਕੈਪ ਸ਼੍ਰੀਨਗਰ ਤੇ ਹੋਇਆ ਅੱਤਵਾਦੀ ਹਮਲਾ

**ਜੰਮੂ/ਲੋਕ ਬਾਣੀ**



ਸ਼੍ਰੀਨਗਰ ਦੇ ਮੈਸੂਮਾ ਦੇ ਲਾਲ ਚੌਂਕ ਖੇਤਰ ਵਿਚ ਸੀਆਰਪੀਐਫ ਦੇ ਦੋ ਜਵਾਨਾਂ 'ਤੇ ਦਹਿਸ਼ਤਗਰਦਾਂ ਨੇ ਹਮਲਾ ਕਰ ਦਿੱਤਾ। ਹਮਲਾਵਰਾਂ ਕੋਲ ਏ ਕੇ 47 ਸਨ। ਇਸ ਹਮਲੇ ਵਿਚ ਇਕ ਜਵਾਨ ਸ਼ਹੀਦ ਹੋ ਗਿਆ ਜਦਕਿ ਦੂਜੇ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਦੱਸਣਯੋਗ ਹੈ ਕਿ ਸੀਆਰਪੀਐਫ ਦੇ ਜਵਾਨ ਮੰਦਰ ਦੀ ਸੁਰੱਖਿਆ ਲਈ ਤਾਇਨਾਤ ਕੀਤੇ ਗਏ ਸਨ।


### ਪਟਿਆਲ਼ਾ ਤੋਂ ਜਿਲਾ ਇੰਚਾਰਜ ਦੀ ਨਿਯੁਕਤੀ



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ ਇਕਬਾਲ ਸਿੰਘ ਨੂੰ ਪਟਿਆਲ਼ਾ ਤੋਂ ਜਿਲਾ ਇੰਚਾਰਜ ਨਿਯੁਕਤ ਕੀਤਾ ਜਾਂਦਾ ਹੈ । ਖਬਰਾ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ।

ਮੋ- 92565-00080

### ਵਿਸਾਖੀ ਮੋਕੇ ਖੰਨਾ ਤੋਂ ਵਿਸ਼ੇਸ਼ ਅੰਕ



ਰੋਜਾਨਾ ਲੋਕ ਬਾਣੀ ਅਖਬਾਰ ਵਲੋਂ ਵਿਸਾਖੀ ਮੋਕੇ ਖੰਨਾ ਤੋ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਖਬਰਾਂ ਤੇ ਇਸ਼ਤਿਹਾਰ ਦੇਣ ਲਈ ਸਾਡੇ ਪੁਲਿਸ ਜਿਲ੍ਹਾ ਖੰਨਾ ਦੇ ਇੰਚਾਰਜ ਤਜਿੰਦਰ ਸਿੰਘ ਨਾਲ ਸੰਪਰਕ ਕਰੋ।

82849-40440

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਸਿੱਖਿਆ ਮੰਤਰੀ ਦੀ ਕੋਠੀ ਅੱਗੇ ਧਰਨਾ ਲਾਉਣ ਵਾਲੇ ਅਧਿਆਪਕਾਂ ਵਿਰੁੱਧ ਕਾਰਵਾਈ ਦੇ ਆਦੇਸ਼



**ਚੰਡੀਗੜ੍ਹ/ਲੋਕ ਬਾਣੀ**

ਮੁੱਖ ਮੰਤਰੀ ਭਗਵੰਤ ਮਾਨ ਦੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਧਰਨਾ ਲਾਉਣ ਵਾਲੇ ਅਧਿਆਪਕਾਂ ਵਿਰੁੱਧ ਕਾਰਵਾਈ ਲਈ ਪੂਰੀ ਤਰ੍ਹਾਂ ਤਿਆਰੀ ਖਿੱਚ ਲਈ ਹੈ। ਪੰਜਾਬ ਸਰਕਾਰ ਨੇ ਇਸ ਸਬੰਧੀ ਧਰਨਾਕਾਰੀ ਅਧਿਆਪਕਾਂ ਵਿਰੁੱਧ ਕਾਰਵਾਈ ਲਈ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਦੱਸ ਦੇਈਏ ਕਿ ਸਿੱਖਿਆ ਮੰਤਰੀ ਮੀਤ ਹੇਅਰ ਦੀ ਬਰਨਾਲਾ ਰਿਹਾਇਸ਼ ਵਿਖੇ ਈਟੀਟੀ ਅਧਿਆਪਕਾਂ ਵੱਲੋਂ ਬਦਲੀਆਂ ਦੀ ਮੰਗ ਨੂੰ ਲੈ ਕੇ ਪੱਕਾ ਧਰਨਾ ਲਾਇਆ ਗਿਆ ਹੈ। ਧਰਨਾ ਸੋਮਵਾਰ ਨੂੰ ਦੂਜੇ ਦਿਨ ਵੀ ਜਾਰੀ ਰਿਹਾ।

ਪੰਜਾਬ ਸਰਕਾਰ ਦੇ ਡਾਇਰੈਕਟਰ ਸਿੱਖਿਆ ਵਿਭਾਗ (ਐਸਿ.) ਵੱਲੋਂ ਜਾਰੀ ਪੱਤਰ ਅਨੁਸਾਰ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਧਰਨਾ ਲਾਉਣ ਵਾਲੇ ਅਧਿਆਪਕਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਲਿਖਿਆ ਗਿਆ ਹੈ।

ਪੱਤਰ ਵਿੱਚ ਲਿਖਿਆ ਗਿਆ ਹੈ ਕਿ ਜ਼ਿਲ੍ਹੇ ਨਾਲ ਸਬੰਧਤ ਸਮੂਹ ਅਧਿਆਪਕ ਜਿਨ੍ਹਾਂ ਨੇ ਜ਼ਰੂਰੀ ਜਾਂ ਘਰੇਲੂ ਕੰਮ ਕਰਕੇ ਛੁੱਟੀ ਲੈ ਕੇ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਧਰਨਾ ਲਾਇਆ ਗਿਆ ਹੈ, ਉਨ੍ਹਾਂ ਵਿਰੁੱਧ ਅਨੁ ?ਾਸਨੀ ਕਾਰਵਾਈ ਕੀਤੀ ਜਾਵੇ।

# ਗੁਰਦਾਸਪੁਰ: ਜ਼ਮੀਨੀ ਵਿਵਾਦ ਨੂੰ ਲੈ ਕੇ ਚੱਲੀਆਂ ਗੋਲੀਆਂ, ਸਰਪੰਚ ਦੇ ਪਤੀ ਸਣੇ ਚਾਰ ਮੌਤਾਂ

**ਗੁਰਦਾਸਪੁਰ/ਨਵਨੀਤ ਕੁਮਾਰ:-** ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਕਾਹਨੂੰਵਾਨ ਦੇ ਥਾਣਾ ਭੈਣੀ ਮੀਆਂ ਖਾਨ ਦੇ ਅਧੀਨ ਪੈਂਦੇ ਪਿੰਡ ਫੁਲੜਾ ਵਿਖੇ ਜ਼ਮੀਨੀ ਵਿਵਾਦ ਨੂੰ ਲੈ ਕੇ ਗੋਲੀਆਂ ਚੱਲੀਆਂ ਹਨ। ਦੋਵਾਂ ਧਿਰਾਂ ਵੱਲੋਂ ਚਲਾਈ ਗੋਲੀਆਂ 'ਚ 4 ਵਿਅਕਤੀਆਂ ਦੀ ਮੌਤ ਹੋ ਗਈ ਤੇ ਇਕ ਗੰਭੀਰ ਜ਼ਖ਼ਮੀ ਹੋ ਗਿਆ। ਇਸ ਘਟਨਾ @ਚ ਕਾਂਗਰਸੀ ਸਰਪੰਚ ਦੇ ਪਤੀ ਸਮੇਤ 4 ਲੋਕਾਂ ਦੀ ਮੌਤ ਹੋਈ ਹੈ। ਇਕ ਧਿਰ ਦੇ ਮ੍ਰਿਤਕਾਂ ਦੀ ਪਛਾਣ ਨਿਸ਼ਾਨ ਸਿੰਘ ਪੁੱਤਰ ਹੰਸਾ ਸਿੰਘ, ਸੁਖਰਾਜ ਸਿੰਘ ਪੁੱਤਰ ਚੰਨਣ ਸਿੰਘ ਤੇ ਜੈਮਲ ਸਿੰਘ ਤੇਜਾ ਸਿੰਘ ਵਾਸੀ ਪਿੰਡ ਫੁਲੜਾ ਵਜੋਂ ਅਤੇ ਦੂਜੀ ਧਿਰ ਦੇ ਮਨਿੰਦਰ ਸਿੰਘ ਪੁੱਤਰ ਦੀਦਾਰ ਸਿੰਘ ਪਿੰਡ ਖੈਰਾਬਾਦ ਥਾਣਾ ਦਸੂਹਾ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਪਿੰਡ ਫੁੱਲੜੇ ਦੇ ਕਾਂਗਰਸੀ ਆਗੂ ਸੁਖਰਾਜ ਸਿੰਘ ਅਤੇ ਉਸ ਦੇ ਸਾਥੀ ਵਿਵਾਦਤ ਜ਼ਮੀਨ ਉੱਪਰ ਗਏ ਸਨ ਜਿਥੇ ਉਨ੍ਹਾਂ ਦਾ ਵਿਰੋਧੀ ਧਿਰ ਨਾਲ ਟਕਰਾ ਹੋ ਗਿਆ ।



# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸਰਾਈਲ ਦੇ ਪ੍ਰਧਾਨ ਮੰਤਰੀ ਨਫਤਾਲੀ ਬੇਨੇਟ ਨਾਲ ਗੱਲ ਕੀਤੀ

**ਨਵੀਂ ਦਿੱਲੀ/ਲੋਕ ਬਾਣੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸਰਾਈਲ ਦੇ ਪ੍ਰਧਾਨ ਮੰਤਰੀ ਨਫਤਾਲੀ ਬੇਨੇਟ ਨਾਲ ਗੱਲ ਕੀਤੀ ਅਤੇ ਪੁਸ਼ਟੀ ਕੀਤੀ ਕਿ ਉਹ ਕੋਰੋਨਾ ਤੋਂ ਠੀਕ ਹੋ ਰਹੇ ਹਨ। ਅਸੀਂ ਹਾਲ ਹੀ ਦੀਆਂ ਗਲੋਬਲ ਘਟਨਾਵਾਂ @ਤੇ ਚਰਚਾ ਕੀਤੀ ਅਤੇ ਵੱਖ-ਵੱਖ ਖੇਤਰਾਂ ਵਿਚ ਭਾਰਤ-ਇਜ਼ਰਾਈਲ ਸਹਿਯੋਗ ਦੀ ਸਮੀਖਿਆ ਵੀ ਕੀਤੀ। ਮੈਂ ਆਪਣੀ ਚਰਚਾ ਜਾਰੀ ਰੱਖਣ ਲਈ ਬਹੁਤ ਜਲਦੀ ਭਾਰਤ ਵਿਚ ਉਸ ਦਾ ਸੁਆਗਤ ਕਰਨ ਦੀ ਉਮੀਦ ਕਰਦਾ ਹਾਂ।




# ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੀਦਰਲੈਂਡ ਦੇ ਤਿੰਨ ਦਿਨਾਂ ਸਰਕਾਰੀ ਦੌਰੇ 'ਤੇ ਸ਼ਿਫੋਲ ਅੰਤਰਰਾਸ਼ਟਰੀ ਹਵਾਈ ਅੱਡੇ ਐਮਸਟਰਡਮ ਪਹੁੰਚੇ

**ਨਵੀਂ ਦਿੱਲੀ/ਲੋਕ ਬਾਣੀ:-** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੀਦਰਲੈਂਡ ਦੇ ਤਿੰਨ ਦਿਨਾਂ ਸਰਕਾਰੀ ਦੌਰੇ @ਤੇ ਸ਼ਿਫੋਲ ਅੰਤਰਰਾਸ਼ਟਰੀ ਹਵਾਈ ਅੱਡੇ ਐਮਸਟਰਡਮ ਪਹੁੰਚੇ। ਉਨ੍ਹਾਂ ਦਾ ਹਵਾਈ ਅੱਡੇ @ਤੇ ਡੱਚ ਦੇ ਖੇਤੀਬਾੜੀ, ਕੁਦਰਤ ਅਤੇ ਭੋਜਨ ਗੁਣਵੱਤਾ ਮੰਤਰੀ ਹੇਂਕ ਸਟੈਗੋਂਵਰ ਨੇ ਸਵਾਗਤ ਕੀਤਾ।



# ਵਿੱਤ ਮੰਤਰੀ ਚੀਮਾ ਵੱਲੋਂ ਗੰਨਾ ਕਾਸ਼ਤਕਾਰਾਂ ਦੀ ਆਮਦਨ ਵਧਾਉਣ ਲਈ ਟਾਸਕ ਫੋਰਸ ਦੇ ਗਠਨ ਦਾ ਐਲਾਨ

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਦੇ ਸਹਿਕਾਰਤਾ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਗੰਨਾ ਕਾਸ਼ਤਕਾਰਾਂ ਦੀ ਆਮਦਨ ਵਧਾਉਣ ਲਈ ਯੋਜਨਾ ਤਿਆਰ ਕਰਨ ਹਿੱਤ ਇੱਕ ਟਾਸਕਫੋਰਸ ਦਾ ਗਠਨ ਕੀਤਾ ਜਾਵੇਗਾ।

ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਗੰਨਾ ਕਾਸ਼ਤਕਾਰਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਪ੍ਰਤੀ ਏਕੜ ਗੰਨੇ ਦਾ ਝਾੜ ਵਧਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਇੰਡੀਅਨ ਕਾਊਂਸਲ ਆਫ ਐਗਰੀਕਲਚਰ ਰਿਸਰਚ, ਸ਼ੂਗਰਕੇਨ ਬਰੀਡਿੰਗ ਇੰਸਟੀਚਿਊਟ ਕੋਇੰਬਟੂਰ ਅਤੇ ਦੇਸ਼ ਪੱਧਰੀ ਗੰਨਾ ਮਾਹਿਰਾਂ ਤੋਂ ਇਲਾਵਾ ਸ਼ੂਗਰਫੈੱਡ ਪੰਜਾਬ ਦੇ ਨੁਮਾਇੰਦੇ ਨੂੰ ਸ਼ਾਮਲ ਕਰਕੇ ਟਾਸਕਫੋਰਸ ਦਾ ਗਠਨ ਕੀਤਾ ਜਾਵੇਗਾ।ਇਸ ਟਾਸਕਫੋਰਸ ਨੂੰ ਤਿੰਨ ਮਹੀਨੇ ਵਿੱਚ ਗੰਨੇ ਦਾ ਝਾੜ ਵਧਾਉਣ ਲਈ ਯੋਜਨਾ ਤਿਆਰ ਕਰਨ ਲਈ ਕਿਹਾ ਜਾਵੇਗਾ।

ਚੀਮਾ ਨੇ ਦੱਸਿਆ ਕਿ ਅਗਲੇ ਦੋ ਸਾਲਾਂ ਵਿੱਚ ਗੰਨੇ ਦੇ ਝਾੜ ਵਿੱਚ ਘੱਟੋ-ਘੱਟ 100 ਕੁਇੰਟਲ ਪ੍ਰਤੀ ਏਕੜ ਤੱਕ ਵਾਧਾ ਕਰਨ ਦਾ ਟੀਚਾ ਰੱਖਿਆ ਜਾਵੇਗਾ ਜਿਸ ਨਾਲ ਪ੍ਰਤੀ ਏਕੜ ਆਮਦਨ ਵਿੱਚ ਲੱਗਭੱਗ 36,000 ਰੁਪਏ ਤੱਕ ਦਾ ਵਾਧਾ ਹੋਵੇਗਾ। ਇਸ ਯੋਜਨਾ ਤਹਿਤ ਗੰਨਾਂ ਕਾਸ਼ਤਕਾਰਾਂ ਨੂੰ ਉੱਚ ਕੁਆਲਟੀ ਦੀਆਂ ਕਿਸਮਾਂ ਦੇ ਸ਼ੁੱਧ ਬੀਜ ਉਪਲੱਬਧ ਕਰਨ ਤੋਂ ਇਲਾਵਾ ਗੰਨੇ ਦੀ ਖੇਤੀ ਵਿੱਚ ਆਧੁਨਿਕ ਤਕਨੀਕਾਂ ਸਬੰਧੀ ਜਾਣਕਾਰੀ ਦੇ ਨਾਲ-ਨਾਲ ਮਸ਼ੀਨੀਕਰਨ ਬਾਰੇ ਵੀ ਸਿਖਲਾਈ ਦੇਣਾ ਸ਼ਾਮਲ ਹੋਵੇਗਾ।



ਸਹਿਕਾਰਤਾ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਗੰਨਾਂ ਕਸ਼ਤਕਾਰਾਂ ਨੂੰ ਗੰਨੇ ਦੀ ਖੇਤੀ ਸਬੰਧੀ ਆਧੁਨਿਕ ਤਕਨੀਕਾਂ ਬਾਰੇ ਸਿਖਲਾਈ ਦੇਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਇੰਡੀਅਨ ਕਾਊਂਸਲ ਆਫ ਐਗਰੀਕਲਚਰ ਰਿਸਰਚ, ਸ਼ੂਗਰਕੇਨ ਬਰੀਡਿੰਗ ਇੰਸਟੀਚਿਊਟ, ਕੋਇੰਬਟੂਰ ਅਤੇ ਵਸੰਤਦਾਦਾ ਇੰਸਟੀਚਿਊਟ ਪੁਣੇ ਨਾਲ ਤੁਰੰਤ ਰਾਬਤਾ ਕਾਇਮ ਕਰਕੇ ਟਰੇਨਿੰਗ ਪ੍ਰੋਗਰਾਮ ਤਿਆਰ ਕੀਤਾ ਜਾਵੇ। ਇਸ ਦੇ ਨਾਲ ਚੀਮਾ ਵੱਲੋਂ ਇਹ ਵੀ ਹਦਾਇਤ ਕੀਤੀ ਗਈ ਕਿ ਸਹਿਕਾਰੀ ਖੰਡ ਮਿੱਲਾਂ ਵੱਲੋਂ ਗੰਨੇ ਦੇ ਆਉਣ ਵਾਲੇ ਬਿਜਾਈ ਸੀਜ਼ਨ ਲਈ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਅਤੇ ਇੰਡੀਅਨ ਕਾਉਂਸਲ ਆਫ ਐਗਰੀਕਲਚਰ ਰਿਸਰਚ ਦੇ ਕਰਨਾਲ ਕੇਂਦਰ ਦੇ ਸਹਿਯੋਗ ਨਾਲ ਗੰਨੇ ਦੀਆਂ ਵੱਧ ਝਾੜ ਵਾਲੀਆਂ ਕਿਸਮਾਂ ਦੇ ਲੱਗਭੱਗ 30 ਲੱਖ ਪੌਦਿਆਂ ਦੀ ਪਨੀਰੀ ਤਿਆਰ ਕਰਕੇ ਗੰਨਾਂ ਕਾਸ਼ਤਕਾਰਾਂ ਨੂੰ ਬੀਜ ਵੱਜੋਂ ਦਿੱਤੇ ਜਾਣ।

ਚੀਮਾ ਵੱਲੋਂ ਇਹ ਵੀ ਦੱਸਿਆ ਗਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਹਿਕਾਰੀ ਖੰਡ ਮਿੱਲਾਂ ਨੂੰ ਆਤਮ ਨਿਰਭਰ ਬਣਾਉਣ ਲਈ ਇਨ੍ਹਾਂ ਦੇ ਆਧੁਨਿਕੀਕਰਨ ਅਤੇ ਕਾਰਗੁਜਾਰੀ ਵਿੱਚ ਸੁਧਾਰ ਲਈ ਵੀ ਯੋਜਨਾ ਤਿਆਰ ਕੀਤੀ ਜਾਵੇਗੀ। ਇਸ ਵਿੱਚ ਵਾਇਸ ਚਾਂਸਲਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਡਾਇਰੈਕਟਰ ਇੰਡੀਅਨ ਕਾਉਂਸਲ ਆਫ ਐਗਰੀਕਲਚਰ ਰਿਸਰਚ, ਸ਼ੂਗਰਕੇਨ ਬਰੀਡਿੰਗ ਇੰਸਟੀਚਿਊਟ ਕੋਇੰਬਟੂਰ, ਪ੍ਰਬੰਧ ਨਿਰਦੇਸ਼ਕ ਸ਼ੂਗਰਫੈੱਡ ਤੋਂ ਇਲਾਵਾ ਦੇਸ਼ ਪੱਧਰ ਦੇ ਸ਼ੂਗਰ ਇੰਡਸਟਰੀ ਨਾਲ ਸਬੰਧਤ ਸੰਸਥਾਵਾਂ ਦੇ ਨੁਮਾਇੰਦੀਆਂ ਅਧਾਰਿਤ ਇੱਕ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਸ ਯੋਜਨਾ ਨਾਲ ਨਾ ਕੇਵਲ ਸਹਿਕਾਰੀ ਖੰਡ ਮਿੱਲਾਂ ਦੀ ਸਥਿਤੀ ਵਿੱਚ ਸੁਧਾਰ ਹੋਵੇਗਾ ਬਲਕਿ ਗੰਨਾਂ ਕਾਸ਼ਤਕਾਰਾਂ ਨੂੰ ਵੀ ਲਾਭ ਮਿਲੇਗਾ।

# ਡਾਕਟਰ ਸੁਭਾਸ ਚੰਦਰ ਨੇ ਸੰਭਾਲਿਆ ਡਾਇਰੈਕਟਰ ਪਸ਼ੂ ਪਾਲਨ ਵਿਭਾਗ ਪੰਜਾਬ ਦਾ ਅਹੁਦਾ

**ਪਠਾਨਕੋਟ/ਲੋਕ ਬਾਣੀ:-** ਅੱਜ ਪਸ਼ੂ ਪਾਲਨ ਵਿਭਾਗ ਦੇ ਮੁੱਖ ਦਫ਼ਤਰ ਲਾਈਵ ਸਟਾਕ ਕੰਪਲੈਕਸ ਸੈਕਟਰ 68 ਵਿਖੇ ਨਵ ਨਿਯੁਕਤ ਡਾਇਰੈਕਟਰ ਡਾਕਟਰ ਸੁਭਾਸ ਚੰਦਰ ਨੇ ਬਤੌਰ ਡਾਇਰੈਕਟਰ ਪਸ਼ੂ ਪਾਲਨ ਵਿਭਾਗ ਪੰਜਾਬ ਦਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ @ਤੇ ਵਿਭਾਗ ਦੇ ਜੁਆਇੰਟ ਡਾਇਰੈਕਟਰ ਡਾਕਟਰ ਨਰਿੰਦਰ ਸਿੰਘ ਅਮਲਾ ਅਫ਼ਸਰ ਅਮਰਜੀਤ ਸਿੰਘ ਸੁਪਰਡੈਂਟ ਅਵਤਾਰ ਸਿੰਘ ਭੰਗੂ ਬਲਜੀਤ ਸਿੰਘ ਗੁਰਸ਼ਰਨ ਸਿੰਘ ਮੈਡਮ ਹਰਵਿੰਦਰ ਕੌਰ ਅਤੇ ਮੈਡਮ ਸੰਗੀਤਾ ਸਮੇਤ ਸਮੂਹ ਸਟਾਫ਼ ਨੇ ਡਾਕਟਰ ਸੁਭਾਸ ਚੰਦਰ ਜੀ ਬੁੱਕੇ ਦੇ ਕੇ ਸਨਮਾਨਿਤ ਕੀਤਾ ਅਤੇ ਪੂਰਨ ਸਹਿਯੋਗ ਦਾ ਭਰੋਸਾ ਦਿਤਾ।

# ਫਗਵਾੜਾ : ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਨੌਜਵਾਨ 'ਤੇ ਚਲਾਈਆਂ ਗੋਲੀਆਂ

**ਫਗਵਾੜਾ/ਲੋਕ ਬਾਣੀ:-** ਫਗਵਾੜਾ ਜਲੰਧਰ ਕੌਮੀ ਮਾਰਗ ਨਜ਼ਦੀਕ ਮੇਹਟਾ ਬਾਈਪਾਸ @ਤੇ ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀਆਂ ਵਲੋਂ ਇਕ ਨੌਜਵਾਨ @ਤੇ ਗੋਲੀ ਚਲਾ ਮੌਕੇ ਤੋਂ ਫ਼ਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਫਗਵਾੜਾ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵਲੋਂ ਉਸ ਨੂੰ ਹਾਇਰ ਸੈਂਟਰ ਰੈਫ਼ਰ ਕਰ ਦਿੱਤਾ । ਨੌਜਵਾਨ ਦੀ ਪਛਾਣ ਵਿਪਨ ਕੁਮਾਰ ਗੋਰਾ ਪੁੱਤਰ ਬਿੱਲਾ ਰਾਮ ਵਾਸੀ ਪਿੰਡ ਹਰਦਾਸਪੁਰ ਵਜੋਂ ਹੋਈ ਹੈ । ਗੋਲੀ ਦੀ ਸੂਚਨਾ ਮਿਲਦੇ ਸਾਰ ਫਗਵਾੜਾ ਪੁਲਿਸ ਵਲੋਂ ਮੌਕੇ ਤੋਂ ਪਹੁੰਚ ਕੇ ਜਾਂਚ ਸ਼ੁਰੂ ਦਿੱਤੀ।

# ਪਾਕਿਸਤਾਨੀ ਸੰਸਦ ਭੰਗ ਕਰਨ ਵਿਰੁੱਧ ਸੁਪਰੀਮ ਕੋਰਟ 'ਚ ਅਹਿਮ ਸੁਣਵਾਈ

**ਇਸਲਾਮਾਬਾਦ/ਲੋਕ ਬਾਣੀ:-** ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਨੇ ਐਤਵਾਰ ਨੂੰ ਇਮਰਾਨ ਖਾਨ ਦੇ ਖ਼ਿਲਾਫ਼ ਪੰਜ ਮਿੰਟ ਦੇ ਅੰਦਰ ਬੇਭਰੋਸਗੀ ਮਤੇ ਨੂੰ ਖਾਰਜ ਕਰ ਦਿੱਤਾ। ਇਸ ਤੋਂ ਬਾਅਦ ਤੇਜ਼ੀ ਨਾਲ ਕਈ ਘਟਨਾਵਾਂ ਵਾਪਰੀਆਂ। ਇਮਰਾਨ ਖਾਨ ਨੇ ਤੁਰੰਤ ਸੰਸਦ ਨੂੰ ਭੰਗ ਕਰਨ ਦੀ ਮੰਗ ਕੀਤੀ। ਇਸ @ਤੇ ਰਾਸ਼ਟਰਪਤੀ ਨੇ ਤੁਰੰਤ ਆਪਣੀ ਸਹਿਮਤੀ ਦੇ ਦਿੱਤੀ ਅਤੇ ਸੰਸਦ ਨੂੰ ਭੰਗ ਕਰ ਦਿੱਤਾ। ਉਦੋਂ ਤੋਂ ਹੀ ਵਿਰੋਧੀ ਧਿਰ ਦਾ ਹੰਗਾਮਾ ਜਾਰੀ ਹੈ। ਹਾਲਾਂਕਿ ਹੁਣ ਪੂਰਾ ਮਾਮਲਾ ਸੁਪਰੀਮ ਕੋਰਟ ਪਹੁੰਚ ਗਿਆ ਹੈ। ਅਦਾਲਤ ਅੱਜ ਇਸ ਮਾਮਲੇ ਦੀ ਸੁਣਵਾਈ ਲਈ ਤਿਆਰ ਹੈ।

# ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਖੰਨਾ ਦੇ ਸੰਬੰਧੀਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈਕੇ ਪੈਦਲ ਚਲਕੇ ਸੜਕਾਂ, ਗਲੀਆਂ ਦੀ ਮੂੰਹੋਂ ਬੋਲਦਿਆਂ ਤਸਵੀਰਾਂ ਦਿਖਾਈਆਂ





**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਅੱਜ ਖੰਨਾ ਦੇ ਰੇਲਵੇ ਲਾਈਨ ਪਾਰ ਇਲਾਕ ? ਦਾ ਦੌਰਾ ਵਿਧਾਨ ਸਭਾ ਹਲ਼ਕਾ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਖੰਨਾ ਦੇ ਸੰਬੰਧੀਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈਕੇ ਪੈਦਲ ਚਲਕੇ ਸੜਕਾਂ, ਗਲੀਆਂ ਦੀ ਮੂੰਹੋਂ ਬੋਲਦਿਆਂ ਤਸਵੀਰਾਂ ਦਿਖਾਈਆਂ ਕਿੰਵੇ ਘਟੀਆ ਕੁਆਲਿਟੀ ਦਾ ਮਟੀਰੀਅਲ ,ਪੁਰਾਣੀਆਂ ਇੱਟਾਂ ,ਗਲੀਆਂ ਵਿਚ ਖਿਲਰੀਆਂ ਇੱਟਾਂ ਕਿ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ/ ਸਮੱਸਿਆਵਾਂ ਬਾਰੇ ਮੌਕੇ ਉੱਤੇ ਹੀ ਹਾਜਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਂ ਬੱਧ ਇਹਨਾਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ ਅੱਜ ਵਿਧਾਇਕ ਸੌਂਦ ਖੰਨਾ ਦੇ ਐਸਡੀਐਮ ਮਨਜੀਤ ਕੌਰ ਦੀ ਅਗਵਾਈ ਵਿਚ ਨਗਰ ਕੌਂਸਲ ਈਓ ਚਰਨਜੀਤ ਸਿੰਘ ,ਇੰਪਰੂਵਮੈਂਟ ਟਰਸਟ ਈਓ ,ਸਿਵੇਰਜ਼ ਬੋਰਡ , ਐਕਸੀਅਨ ਜੀ ਪੀ ਸਿੰਘ ,ਵਾਟਰ ਸਪਲਾਈ ,ਐਕਸੀਅਨ, ਦੋਵੇਂ ਐਸ ਡੀ ਓ




ਜਸਵਿੰਦਰ ਸਿੰਘ, ਐਸ ਡੀ ਓ ਗੁਰਤੇਜ ਸਿੰਘ ਸੀਵੇਰਜ਼ ਬੋਰਡ ,ਜੇ ਈ ਅਜੇ ਗਾਬਾ ,ਐਮ ਈ ਵਰਿੰਦਰ ਕੁਮਾਰ,ਸੁਪਰਵਾਈਜ਼ਰ ਕਿਰਨਦੀਪ, ਅਫਸਰਾਂ ਨਾਲ਼ ਖੰਨਾ ਹਲ਼ਕੇ ਦੇ ਵਿਕਾਸ ਕਾਰਜਾਂ ਨੂੰ ਲੈਕੇ ਵਿਸ਼ੇਸ਼ ਮੀਟਿੰਗ ਕੀਤੀ ਗਈ ਇਸ ਮੀਟਿੰਗ ਵਿਚ ਵਿਧਾਇਕ ਸੌਂਦ ਨੇ ਅਧਿਕਾਰੀਆਂ ਨਾਲ ਨਾਲ ਗੱਲਬਾਤ ਦੌਰਾਨ ਇਹ ਸਾਫ ਕਰ ਦਿੱਤਾ ਕਿ ਹੁਣ ਭ੍ਰਿਸ਼ਟਾਚਾਰ ਕਿਸੇ ਵੀ ਕੀਮਤ ਤੇ ਬਰਦਾਸਤ ਨਹੀਂ ਕੀਤਾ ਜਾਵੇ ਗਾ ਅਗਰ ਕਿਸੇ ਵੀ ਵਿਭਾਗ ਦੇ ਅਧਿਕਾਰੀਆਂ ,ਕਰਮਚਾਰੀਆਂ ਦੇ ਲੋਕਾਂ ਦੇ ਕੰਮ ਨੂੰ ਲੈਕੇ ਸ਼ਿਕਾਇਤਾਂ ਆਈਆਂ ਜਾਂ ਫਿਰ ਰਿਸ਼ਵਤ ਮੰਗਣ ਦੀ ਗੱਲ ਸਾਹਮਨੇ ਆਈ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ ਉਸਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਗੀ ਸੋ ਹੁਣ ਅਪੀਲਾਂ ਤੋਂ ਬਾਅਦ ਸਰਕਾਰ ਇਸ ਮੁੱਦੇ ਉੱਤੇ ਐਕਸ਼ਨ ਮੋਡ ਵਿੱਚ ਆਉਣ ਵਾਲੀ ਹੈ ਜੋ ਕੋਈ ਅਧਿਕਾਰੀ ਜਾਂ ਕਰਮਚਾਰੀ ਭ੍ਰਿਸ਼ਟਾਚਾਰ ਵਿਚ ਸ਼ਾਮਿਲ ਪਾਇਆ ਗਿਆ ਉਸ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਵੇਗੀ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਅਧਿਕਾਰੀ ਜਿੰਮੇਵਾਰੀ ਨਾਲ ਕੰਮ ਕਰਨ

**• ਘਟੀਆ ਕੁਆਲਿਟੀ ਦਾ ਮਟੀਰੀਅਲ ,ਪੁਰਾਣੀਆਂ ਇੱਟਾਂ ,ਗਲੀਆਂ ਵਿਚ ਖਿਲਰੀਆਂ ਇੱਟਾਂ ਕਿ ਲੋਕਾਂ ਨੂੰ ਮੁਸ਼ਕਿਲਾਂ/ ਸਮੱਸਿਆਵਾਂ ॥**

**• ਮੌਕੇ ਉੱਤੇ ਹੀ ਹਾਜਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਂ ਬੱਧ ਇਹਨਾਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ।**

ਇਸ ਮੌਕੇ ਤੇ ਕਰਮ ਚੰਦ,ਜਗਤਾਰ ਸਿੰਘ ਰਤਨਹੇੜੀ, ਰਾਜਬੀਰ ਸ਼ਰਮਾ,ਮਹੇਸ਼ ਕੁਮਾਰ,ਲਛਮਣ ਸਿੰਘ ਗਰੇਵਾਲ, ਗੁਰਮਿੰਦਰ ਸਿੰਘ ,ਜਸਵਿੰਦਰ ਸਿੰਘ ਬਲਿੰਗ,ਵਰਿੰਦਰ ਸਿੰਘ ਗੋਹ ਆਦਿ ਹਾਜ਼ਰ ਸਨ।

## ਗਰੀਬਾਂ ਦੇ ਨੀਲੇ ਕਾਰਡ ਨਹੀਂ ਅਤੇ ਜਿਨ੍ਹਾਂ ਦੇ ਜ਼ਮੀਨਾਂ ਨੇ ਉਹ ਰਾਸ਼ਨ ਲੈ ਰਹੇ ਨੇ : ਵਿਧਾਇਕ ਸੌਂਦ

**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਖੰਨਾ ਦੇ ਮਾਤਾ ਕੋਸ਼ਲਿਆਂ ਸੇਵਾ ਕੇਂਦਰ ਅਤੇ ਪੰਜਾਬ ਖੱਤਰੀ ਚੇਤਨਾ ਮੰਚ,ਚੈਰੀਟੇਬਲ ਟਰਸਟ ,ਖੰਨਾ ਵੱਲੋਂ ਅੱਜ 138 ਵਾਂ ਟਰਾਈ ਸਾਇਕਲ ਅਤੇ ਰਾਸ਼ਨ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਹਲਕਾ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਅਤੇ ਉਨ੍ਹਾਂ ਹੱਥੋਂ ਜਰੂਰਤ ਮੰਦਾ ਟਰਸਟ ਵੱਲੋਂ ਸੇਵਾ ਦੇ ਰੂਪ ਵਿੱਚ ਟਰਾਈ ਸਾਇਕਲ ਅਤੇ ਰਾਸ਼ਨ ਵੰਡਵਾਇਆ ਗਿਆ ਵਿਧਾਇਕ ਸੌਂਦ ਨੇ ਇਸ ਸਮਾਗਮ ਦੌਰਾਨ ਪਹੁੰਚੇ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ ਜਿੱਥੇ ਵੀ ਵੜਕੇ ਦੇਖਿਆ ਜਿੰਵੇ ਖੰਨਾ ਦੀ ਤਹਿਸੀਲ, ਇੰਪਰੂਵਮੈਂਟ ਟਰਸਟ,ਸਿਵਿਲ ਹਸਪਤਾਲ ਇਥੇ ਤੱਕ ਸਕੂਲਾਂ ਚ ਵੀ ਦੇਖਿਆ ਹਰ ਪਾਸੇ ਭ੍ਰਿਸ਼ਟਾਚਾਰ ਦਾ ਗੜ੍ਹ ਗਰੀਬਾਂ ਦੇ ਨੀਲੇ ਕਾਰਡ ਨਹੀਂ ਬਣੇ ਅਤੇ ਜਿਨ੍ਹਾਂ ਦੇ ਜ਼ਮੀਨਾਂ ਨੇ ਉਹ ਰਾਸ਼ਨ ਲੈ ਰਹੇ ਹਨ ਹੁਣ ਤੱਕ ਕੀ ਸੱਮਸਿਆ ਸੀ ਜਿਹੜੀਆਂ ਸਰਕਾਰਾਂ ਚਲਦਿਆਂ ਸੀ ਜਾਂ ਤਾਂ ਮਹਿਲਾਂ ਚੋਂ ਚਲਦਿਆਂ ਸੀ ਜਾਂ ਰੈਸਟ ਹਾਊਸਾਂ ਤੋਂ ਪਰ ਇਸ ਵਾਰ ਨਹੀਂ ਇੰਜ਼ ਨਹੀਂ ਹੋਣਾ ਅੱਗੇ ਸਿਰਫ ਪੰਜ ਜਾਂਣੇ ਆਉਂਦੇ ਸੀ ਉਹੀ ਫੈਸਲੇ ਲੈਂਦੇ ਫਿਰਿ ਜਾਂਦੇ ਸੀ ਪ੍ਰੰਤੂ ਹੁਣ ਜੋ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਭਗਵੰਤ ਸਿੰਘ ਮਾਨ ਨੇ ਜਿੰਵੇ ਕਿਹਾ ਹੈ ਕਿ ਸਾਡੀ ਸਰਕਾਰ ਮੁਹੱਲਿਆਂ, ਵਾਰਡਾਂ, ਪਿੰਡਾਂ ਦੀਆਂ ਸੱਥਾਂ ਵਿੱਚ ਚਲੇਗੀ ਉਹਨਾਂ ਕਿਹਾ ਕਿ ਜੇ ਸ਼ਹਿਰ ਵਿੱਚ ਹੁਣ ਵੀ ਕੂੜੇ ਦੇ ਡੰਪ ਲੱਗਣੇ ਸ਼ੁਰੂ ਹੋਏ ਤਾਂ ਉਹਨਾਂ ਦਾ ਕਹਿਣਾ ਕਿ ਮੈਂ ਇਓ ਸਾਹਿਬ ਨੂੰ ਕਿਹਾਕਿ ਫਿਰ ਤੁਸੀਂ ਜਿੰਮੇਵਾਰ ਹੋਵੋਂ ਗੇਂ ਅਸੀਂ ਸ਼ਹਿਰ ਦਾ ਸੁਧਾਰ ਕਰਨਾ ਹੈ ਤੁਹਾਨੂੰ ਹਰ ਰੋਜ਼ ,ਰੋਜ ਦੀ ਰੋਜ ਖੰਨਾ ਹਲਕਾ ਵਿਚ ਬਦਲਾਅ ਨਜਰ ਆਵੇਗਾ ਉਹਨਾਂ ਦਾ ਕਹਿਣਾ ਕਿ ਉਹ ਖੰਨਾ ਦੇ ਐਸ ਐਸ ਪੀ ਸਾਹਿਬ ਨੂੰ ਮਿਲੇ ਸੀ।

# ਪੰਜਾਬ ਸਟੇਟ ਐਗਰੀਕਲਚਰ ਇੰਮਪਲੀਮੈਂਟ ਮੈਨੂਫੈਕਚੁਰਰ ਐਸੋਸੀਏਸ਼ਨ ਦੀ ਮੰਥਲੀ ਮੀਟਿੰਗ ਲੁਧਿਆਣਾ ਵਿਖੇ ਹੋਈ



**ਲੁਧਿਆਣਾ/ਕਰਨ ਅਗਰਵਾਲ**

ਪਸਾਇਮਾ - ਪੰਜਾਬ ਸਟੇਟ ਐਗਰੀਕਲਚਰ ਇੰਮਪਲੀਮੈਂਟ ਮੈਨੂਫੈਕਚੁਰਰ ਐਸੋਸੀਏਸ਼ਨ ਦੀ ਮੀਟਿੰਗ ਲੁਧਿਆਣਾ ਵਿਖੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਇੰਜੀਨੀਅਰਿੰਗ ਕਾਲਜ ਵਿੱਚ ਪ੍ਰਧਾਨ ਸੰਤੋਖ ਸਿੰਘ ਘੜਿਆਲ ਜੀ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਅੰਮਾ ਇੰਡੀਆ - ਆਲ ਇੰਡੀਆ ਐਗਰੀਕਲਚਰਲ ਮਸੀਨਰੀ ਮੈਨੂਫੈਕਚਰਰਜ ਐਸੋਸੀਏਸਨ, ਡਾ: ਸੁਰਿੰਦਰ ਸਿੰਘ - ਟੈਕਨੀਕਲ ਸਲਾਹਕਾਰ ਅਤੇ ਸਰਬਜੀਤ ਸਿੰਘ ਪਨੇਸਰ (ਲੈਂਡਫੋਰਸ) ਜਨਰਲ ਸੇਕ੍ਰੇਟਰੀ ਅੰਮਾ ਇੰਡੀਆ ਖਾਸ ਤੌਰ ਤੇ ਆਏ ਤੇ ਆਉਣ ਵਾਲੀ ਅੰਮਾ ਇੰਡੀਆ ਦੀ ਅੰਨੂਅਲ ਜਨਰਲ ਮੀਟਿੰਗ ਬਾਰੇ ਪੰਜਾਬ ਐਸੋਸੀਏਸਨ ਨੂੰ ਆਉਣ ਲਈ ਸੱਦਾ ਦਿਤਾ , ਮੈਂਬਰਾਂ ਨੇ ਪਿਛਲੀ ਸੀਆਰਐਮ ਸਕੀਮ ਬਾਰੇ ਚਰਚਾ ਕੀਤੀ ਅਤੇ ਆਉਣ ਵਾਲੀ ਸਕੀਮ ਲਈ ਪ੍ਰਤੀਨਿਧਤਾ ਵੀ ਦਿੱਤੀ। ਡਾਕਟਰ ਬਲਦੇਵ ਡੋਗਰਾ ਜੋ ਬੀਤੇ ਦਿਨੀ ਖੇਤੀਬਾੜੀ ਕਾਲਜ, ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਡੀਨ ਬਣੇ ਹਨ, ਓਹਨਾ ਨੂੰ ਪਸਾਇਮਾ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਸ.ਉਪਕਾਰ ਸਿੰਘ ਆਹੂਜਾ (ਪ੍ਰੈਸੀਡੈਂਟ ) ਨੇ ਲੁਧਿਆਣਾ ਵਿਖੇ ਲੱਗਣ ਜਾ ਰਹੀ 6 ਅਤੇ 7 ਅਪ੍ਰੈਲ ਨੂੰ ਰੈਡੀਸਨ ਬਲੂ ਹੋਟਲ ਵਿਖੇ ਪ੍ਰਦਰਸਨੀ ਸਬੰਧੀ ਸਾਰੇ ਮੇਮ ?ਬਰਾਂ ਨੂੰ ਜਾਣਕਾਰੀ ਦਿਤੀ ਡਾਕਟਰ ਵਿਸਾਲ ਬੈਕਟਰ , ਪ੍ਰੋਫ਼ੇਸਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਪ੍ਰੋਸੈਸ ਕੋਰ ਕੰਪੀਟੈਂਸੀ ਦੇ ਸਬੰਧ ਵਿੱਚ ਮੈਂਬਰਾਂ ਨੂੰ ਇੱਕ ਸੈਮੀਨਾਰ ਦਿੱਤਾ ਗਿਆ , ਜਿਸ ਵਿੱਚ ਮੇਮ ?ਬਰਾਂ ਨੂੰ ਦੱਸਿਆ ਗਿਆ ਕਿ ਕਿਸੇ ਵੀ ਸਥਿਤੀ ਵਿੱਚ ਆਪਣੇ ਕਾਰੋਬਾਰ ਨੂੰ ਕਿਵੇਂ ਵਧਾਉਣਾ ਚਾਹੀਦਾ ਹੈ। ਇਸ ਮੀਟਿੰਗ ਵਿਥ ਸੰਤੋਖ ਸਿੰਘ ਘੜਿਆਲ (ਪ੍ਰਧਾਨ) ਬਲਦੇਵ ਸਿੰਘ ਹੂੰਜਣ (ਚੇਅਰਮੈਨ - ਸੰਸਥਾਗਤ) ਬਲਦੇਵ ਸਿੰਘ ਅਮਰ (ਚੇਅਰਮੈਨ) ਹਰਮੇਲ ਸਿੰਘ, ਆਦਵਿੰਦਰ ਸਿੰਘ ਅਮਰ , ਬਲਬੀਰ ਸਿੰਘ ਰਾਜਾ , ਰਾਜੇਸ ਪੰਜੂ , ਤੇਜਿੰਦਰ ਸਿੰਘ, ਸਰਬਜੀਤ ਸਿੰਘ ਪਨੇਸਰ, ਉਪਕਾਰ ਸਿੰਘ ਅਹੂਜਾ, ਜਗਤਜੀਤ ਸਿੰਘ ਪਾਸੀ, ਪਰਮਜੀਤ ਸਿੰਘ ਦਸ਼ਮੇਸ਼ ਮਲੇਰਕੋਟਲਾ , ਦੀਪ ਧੰਜਲ, ਗੁਰਬਸਸ਼ ਸਿੰਘ ਧੀਰ, ਜਗਤਾਰ ਸਿੰਘ, ਸਾਹਿਲ ਢੀਂਗਰਾ, ਸੋਨੀ ਜਲੰਧਰ, ਮਨਪ੍ਰੀਤ ਕੰਬੋਜ , ਮਨਦੀਪ ਸਿੰਘ, ਸੰਜੇ ਧੀਮਾਨ , ਹੈਪੀ ਤਲਵੰਡੀ ਭਾਈ ਤੇ ਹੋਰ ਵੀ ਮੇਮ ?ਬਰ ਵੀ ਮੋਜੂਦ ਸਨ।

# ਮੋਦੀ ਸਰਕਾਰ ਦੇ ਖਿਲਾਫ ਕਾਂਗਰਸ ਪਾਰਟੀ ਫਾਜ਼ਿਲਕਾ ਨੇ ਕੀਤਾ ਰੋਸ ਪ੍ਰਦਰਸ਼ਨ



**ਫਾਜ਼ਿਲਕਾ/ਗੌਰਵ ਸ਼ਰਮਾ**

ਮੋਦੀ ਸਰਕਾਰ ਦੀਆ ਮਾਰੂ ਨੀਤੀਆਂ ਦੇ ਖਿਲਾਫ ਦਿਨੋ ਦਿਨ ਵਧਦੀ ਮਹਿੰਗਾਈ ਨੂੰ ਲੈ ਕੇ ਅੱਜ ਜ਼ਿਲ੍ਹਾ ਕਾਂਗਰਸ ਪਾਰਟੀ ਵਲੋ ਧਰਨਾ ਲਗਾ ਕੇ ਰੋਸ਼ ਪ੍ਰਗਟ ਕੀਤਾ ਗਿਆ । ਇਸ ਧਰਨੇ ਦੀ ਅਗਵਾਈ ਸਰਦਾਰ ਦਵਿੰਦਰ ਸਿੰਘ ਘੁਬਾਇਆ ਐਕਸ ਐਮ ਐਲ ਏ ਹਲਕਾ ਫਾਜ਼ਿਲਕਾ ਅਤੇ ਸਮਰਬੀਰ ਸਿੰਘ ਸਿੱਧੂ ਨੇ ਕੀਤੀ । ਸ਼੍ਰੀ ਘੁਬਾਇਆ ਜੀ ਨੇ ਕਿਹਾ ਕਿ ਮੋਦੀ ਸਰਕਾਰ ਆਮ ਲੋਕਾਂ ਤੇ ਡਾਕਾ ਮਾਰ ਰਹੀ ਹੈ । ਘੁਬਾਇਆ ਜੀ ਨੇ ਕਿਹਾ ਕਿ ਜਦ ਪਹਿਲਾ ਕਾਂਗਰਸ ਪਾਰਟੀ ਦੀ ਡਾ ਮਨਮੋਹਨ ਸਿੰਘ ਦੀ ਸਰਕਾਰ ਸੀ ਤਾਂ ਘਰੇਲੂ ਗੈਸ ਸਿਲੰਡਰ ਦਾ ਰੇਟ 410 ਰੁਪਏ ਸੀ ਅੱਜ ਮੋਦੀ ਦੀ ਮਾੜੀ ਕਾਰਗੁਜ਼ਾਰੀ ਚ ਲੋਕਾਂ ਨੂੰ ਇੱਕ ਹਜ਼ਾਰ ਰੁਪਏ ਤੋ ਵੀ ਵੱਧ ਹੋ ਚੁੱਕੀ ਹੈ । ਜੇ ਪੈਟਰੋਲ ਡੀਜਲ ਦੀ ਗੱਲ ਕੀਤੀ ਜਾਵੇ ਤਾਂ ਮਨਮੋਹਨ ਸਿੰਘ ਦੀ ਸਰਕਾਰ ਚ ਪੈਟਰੋਲ 71 ਰੁਪਏ ਅਤੇ ਡੀਜਲ ਦੀ ਕੀਮਤ 55 ਰੁਪਏ ਸੀ ਜੋ ਅੱਜ ਪੈਟਰੋਲ ਅਤੇ ਡੀਜ਼ਲ ਦੇ ਰੇਟ ਦੀ ਕੀਮਤ ਇਕ ਸੌ ਰੁਪਏ ਦੇ ਅੰਕੜੇ ਨੂੰ ਪਾਰ ਕਰ ਗਈ ਹੈ ◆

ਘੁਬਾਇਆ ਜੀ ਨੇ ਕਿਹਾ ਕਿ ਗਰੀਬ ਦੀ ਰੋਟੀ ਮੁਸ਼ਕਲ ਹੋ ਗਈ ਹੈ । ਜੋ ਮਜ਼ਦੂਰ ਪਹਿਲਾ ਅਪਣਾ ਪੇਟ ਓਖਲਾ ਭਰਦਾ ਸੀ ਅੱਜ ਮਹਿੰਗਾਈ ਦੀ ਮਾਰ ਹੇਠ ਅਪਣਾ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਮੁਸ਼ਕਲ ਹੋ ਗਿਆ ਹੈ । ਘੁਬਾਇਆ ਜੀ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਦੇ ਲੋਕਾਂ ਦੇ ਡਾਕਾ ਮਾਰ ਰਹੀ ਹੈ ਜੋ ਪੰਜਾਬ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ । ਘੁਬਾਇਆ ਜੀ ਨੇ ਕਿਹਾ ਕਿ ਤੁਰੰਤ ਮੋਦੀ ਸਰਕਾਰ ਵੱਧ ਰਹੀ ਮਹਿੰਗਾਈ ਨੂੰ ਵਾਪਿਸ ਲਵੇ ਨੀ ਤਾਂ ਕਾਂਗਰਸ ਪਾਰਟੀ ਭਾਰੀ ਗਿਣਤੀ ਵਿੱਚ ਆਮ ਲੋਕਾਂ ਦਾ ਇਕੱਠ ਕਰਕੇ ਮੋਦੀ ਸਰਕਾਰ ਦੇ ਪੁਤਲੇ ਫੂਕੇ ਗੀ ◆

ਇਸ ਮੌਕੇ ਸ਼੍ਰੀ ਸ਼ੇਰ ਸਿੰਘ ਘੁਬਾਇਆ ਜੀ ਸਾਬਕਾ ਐਮ ਪੀ ਹਲਕਾ ਫਿਰੋਜ਼ਪੁਰ, ਡਾ ਮੋਹਨ ਸਿੰਘ ਫਲੀਆਂ ਵਾਲਾ ਸਾਬਕਾ ਐਮ ਪੀ ਹਲਕਾ ਫਿਰੋਜ਼ਪੁਰ, ਸ਼੍ਰੀ ਰਾਜ ਬਖ਼ਸ਼ ਕੰਬੋਜ ਚੇਅਰਮੈਨ ਮਾਰਕੀਟ ਕਮੇਟੀ ਜਲਾਲਾਬਾਦ, ਬਾਈ ਸਮਰ ਬੀਰ ਸਿੰਘ ਸਿੱਧੂ ਸੀਨੀਅਰ ਆਗੂ ਕਾਂਗਰਸ ਪਾਰਟੀ, ਸ਼੍ਰੀ ਸੁਰਿੰਦਰ ਕੁਮਾਰ ਸਚਦੇਵਾ ਪ੍ਰਧਾਨ ਨਗਰ ਕੌਂਸਲ ਫਾਜ਼ਿਲਕਾ, ਸਹਿਜ ਪਾਲ ਬਰਾੜ ਬੁਲਾਰਾ ਕਾਂਗਰਸ ਪਾਰਟੀ, ਪ੍ਰੇਮ ਕੁਮਾਰ ਕੁਲਰੀਆਂ ਚੇਅਰਮੈਨ ਮਾਰਕੀਟ ਕਮੇਟੀ ਫਾਜ਼ਿਲਕਾ, ਸੁੱਖਾ ਸਿੰਘ ਵਾਇਸ ਚੇਅਰਮੈਨ ਬਲਾਕ ਸੰਮਤੀ ਫਾਜ਼ਿਲਕਾ, ਗੁਰਜੀਤ ਸਿੰਘ ਗਿੱਲ ਚੇਅਰਮੈਨ ਪੀ ਏ ਡੀ ਬੀ ਬੈਂਕ ਫਾਜ਼ਿਲਕਾ, ਗੌਰਵ ਨਾਰੰਗ ਵਾਇਸ ਚੇਅਰਮੈਨ ਪੀ ਏ ਡੀ ਬੀ ਬੈਂਕ ਫਾਜ਼ਿਲਕਾ ਬਿੱਟੂ ਬਾਡੀ ਵਾਲਾ ਵਾਇਸ ਚੇਅਰਮੈਨ ਮਾਰਕੀਟ ਕਮੇਟੀ ਫਾਜ਼ਿਲਕਾ, ਸਰਾਜ ਸਿੰਘ ਪੱਕਾ ਚਿਸਤੀ, ਸ਼੍ਰੀ ਪਰਮਜੀਤ ਸਿੰਘ ਪੰਮੀ ਸੀਨੀਅਰ ਕਾਂਗਰਸੀ ਨੇਤਾ, ਅਨਿਲ ਕੁਮਾਰ ਬੈਗਾਂ ਵਾਲੀ, ਬਲਕਾਰ ਸਿੰਘ ਸਿੱਧੂ ਸਲਾਹਕਾਰ ਮੀਡੀਆ, ਗੋਲਡੀ ਝਾਂਬ ਹਲਕਾ ਇੰਚਾਰਜ,ਮਿੰਟੂ ਕਾਮਰਾ ਹਲਕਾ ਇਨਚਾਰਜ ਸ਼ਹਿਰੀ, ਨੀਲਾ ਮਦਾਨ, ਅਤੇ ਵੱਖ ਵੱਖ ਪਿੰਡਾਂ ਦੇ ਪੰਚ ਸਰਪੰਚ, ਐਮ ਸੀ ਅਤੇ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਹਾਜ਼ਰ ਹੋਈ।

# ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਇੱਕ ਹੋਰ ਅੰਤਰਰਾਜੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਕੀਤਾ ਪਰਦਾਫਾਸ਼, ਪੰਜ ਗ੍ਰਿਫ਼ਤਾਰ



- 2.60 ਕਿਲੋ ਅਫੀਮ ਅਤੇ 1.5 ਕਿਲੋ ਗਾਂਜਾ ਬਰਾਮਦ- ਸੀ.ਪੀ.ਗੁਰਪ੍ਰੀਤ ਸਿੰਘ ਭੁੱਲਰ
- ਇਸ ਗਿਰੋਹ ਦੇ ਅੱਗੇ ਅਤੇ ਪਿੱਛੇ ਸਬੰਧਾਂ ਦੀ ਜਾਂਚ

**ਲੁਧਿਆਣਾ/ਸੁਖਚੈਨ ਮਹਿਰਾ**

ਆਪਣੀ ਨਸ਼ਾ ਵਿਰੋਧੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ, ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਪੰਜਾਬ ਵਿੱਚ ਗਾਂਜਾ ਅਤੇ ਅਫੀਮ ਦੀ ਸਪਲਾਈ ਕਰਨ ਵਾਲੇ ਇੱਕ ਹੋਰ ਅੰਤਰ-ਰਾਜੀ ਨਸ਼ਾ ਤਸਕਰੀ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਇਸ ਗਿਰੋਹ ਦੇ 5 ਮੈਂਬਰਾਂ ਨੂੰ 1.60 ਕਿਲੋ ਅਫੀਮ ਅਤੇ 1.50 ਕਿਲੋ ਗਾਂਜਾ ਸਮੇਤ ਗ੍ਰਿਫਤਾਰ ਕੀਤਾ ਹੈ, ਜੋ ਬਿਹਾਰ ਤੋਂ ਪੰਜਾਬ ਵਿੱਚ ਸਮੱਗਲ ਕੀਤਾ ਜਾ ਰਿਹਾ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੀ.ਆਈ.ਏ ਸਟਾਫ਼-1 ਨੇ ਇੱਕ ਇਤਲਾਹ @ਤੇ ਜਾਲ ਵਿਛਾ ਕੇ ਦੋ ਦੋਸ਼ੀਆਂ ਦੀਪਕ ਉਰਫ਼ ਬਾਬੂ, ਦੀਨ ਦਿਆਲ ਉਰਫ਼ ਦਿਲ ਪਟੇਲ, ਦੋਵੇਂ ਵਾਸੀ ਜ਼ਿਲ੍ਹਾ ਗਯਾ, ਬਿਹਾਰ, ਜਦਕਿ ਤਿੰਨ ਲੁਧਿਆਣਾ ਵਾਸੀ ਗਿ ?ਫ਼ਤਾਰ ਕੀਤੇ । ਵਿਜੇ ਸਿੰਘ, ਸਰਵੇਸ਼ ਸਿੰਘ ਅਤੇ ਰਣਜੀਤ ਪਾਂਡੇ ਵੀ ਫੜੇ ਗਏ।ਸੀਪੀ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਦੋ ਵੱਖ-ਵੱਖ ਕੇਸ ਦਰਜ ਕੀਤੇ ਗਏ ਹਨ ਅਤੇ ਅਦਾਲਤ ਤੋਂ ਉਨ੍ਹਾਂ ਦਾ ਪੁਲੀਸ ਰਿਮਾਂਡ ਵੀ ਲਿਆ ਜਾਵੇਗਾ ਤਾਂ ਜੋ ਇਸ ਗਰੋਹ ਦੀ ਸਰਗਰਮੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੱਥ ਪਾਈ ਜਾ ਸਕੇ। ਉਨ੍ਹਾਂ ਇਹ ਵੀ ਦੁਹਰਾਇਆ ਕਿ ਨਸ਼ਿਆਂ ਦੇ ਘਿਨਾਉਣੇ ਵਪਾਰ ਵਿੱਚ ਸ਼ਾਮਲ ਵਿਅਕਤੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇਗਾ।

# ਹਾਏ ਮਹਿੰਗਾਈ --ਗ਼ਰੀਬਾਂ ਦਾ ਜਿਉਣਾ ਮੁਹਾਲ ਹੋਇਆ ਕਰੋੜਾਂ ਪਰਿਵਾਰ ਭੁੱਖੇ ਪੇਟ ਸੌਣ ਲਈ ਮਜਬੂਰ: ਸਿਫਤਿ

**ਖੰਨਾ/ਤੇਜਿੰਦਰ ਸਿੰਘ ਆਰਟਿਸਟ:-** ਖੰਨਾ ਦੀ ਸਮਾਜਸੇਵੀ ਸੰਸਥਾ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ( ਰਜਿ : ) ਦੀ ਅਹਿਮ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਕਰਮਜੀਤ ਸਿੰਘ ਸਿਫ਼ਤੀ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਵਿਖੇ ਹੋਈ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਭਾਰਤ ਦੀ ਕੇਂਦਰ ਦੀ ਸਰਕਾਰ ਵਿਰੁੱਧ ਦਿਨੋਂ ਦਿਨ ਵਧ ਰਹੀ ਮਹਿੰਗਾਈ ਖ਼ਿਲਾਫ਼ ਨਿੰਦਾ ਮਤਾ ਪਾਸ ਕੀਤਾ ਗਿਆ। ਮੀਟਿੰਗ ਦੌਰਾਨ ਸੁਸਾਇਟੀ ਦੇ ਮੈਂਬਰਾਂ ਨੇ ਇਕ ਸੁਰ ਵਿਚ ਆਖਿਆ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਹਰ ਰੋਜ਼ ਵਧ ਰਹੀਆਂ ਹਨ ਅਤੇ ਇਸ ਦੇ ਨਾਲ ਨਾਲ ਰਸੋਈ ਗੈਸ ਸਿਲੰਡਰ ਦੇ ਰੇਟ ਵੀ ਬਹੁਤ ਜ਼ਿਆਦਾ ਵਧ ਚੁੱਕੇ ਹਨ ਜਿਸ ਨਾਲ ਗ਼ਰੀਬ ਲੋਕਾਂ ਦਾ ਜਿਉਣਾ ਮੁਹਾਲ ਹੋ ਚੁੱਕਿਆ ਹੈ ਅਤੇ ਕਰੋੜਾਂ ਪਰਿਵਾਰ ਭੁੱਖੇ ਪੇਟ ਸੌਣ ਲਈ ਮਜਬੂਰ ਹੋ ਰਹੇ ਹਨ। ਸੁਸਾਇਟੀ ਦੇ ਮੈਂਬਰਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਮਹਿੰਗਾਈ ਬਹੁਤ ਜ਼ਿਆਦਾ ਵਧ ਚੁੱਕੀ ਹੈ ਉਸੇ ਤਰ੍ਹਾਂ ਫੈਕਟਰੀਆਂ ਵਿੱਚ ਕੰਮ ਕਰਦੇ ਕਾਮਿਆਂ ਦੀਆਂ ਤਨਖਾਹਾਂ ਵਿਚ ਵਾਧਾ ਹੋਣਾ ਚਾਹੀਦਾ ਹੈ ਅਤੇ ਗ਼ਰੀਬ ਮਜ਼ਦੂਰਾਂ ਦੀਆਂ ਦਿਹਾੜੀਆਂ ਵਿੱਚ ਵੀ ਵਾਧਾ ਹੋਣਾ ਚਾਹੀਦਾ ਹੈ । ਇਸੇ ਤਰ੍ਹਾਂ ਸੁਸਾਇਟੀ ਦੇ ਮੈਂਬਰਾਂ ਨੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਜਿਹੜੇ ਕੱਚੇ ਮੁਲਾਜ਼ਮ ਜਿਨ੍ਹਾਂ ਦੀਆਂ ਤਨਖ਼ਾਹਾਂ 6000 ਰੁਪਏ ਤੋਂ ਲੈ ਕੇ 10000 ਰੁਪਏ ਹਨ ਉਨ੍ਹਾਂ ਦੀਆਂ ਤਨਖਾਹਾਂ ਵਿਚ ਵੀ ਜ਼ਰੂਰ ਵਾਧਾ ਕਰਨਾ ਚਾਹੀਦਾ ਹੈ ਤਾਂ ਜੋ ਇਹ ਮੁਲਾਜ਼ਮ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਸਹੀ ਤਰੀਕੇ ਨਾਲ ਕਰ ਸਕਣ। ਸੁਸਾਇਟੀ ਦੇ ਪ੍ਰਧਾਨ ਕਰਮਜੀਤ ਸਿੰਘ ਸਿਫਤੀ ਨੇ ਅੱਗੇ ਦੱਸਿਆ ਕਿ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਜੋ ਸੁਸਾਇਟੀ 17 ਅਪ੍ਰੈਲ ਦਿਨ ਐਤਵਾਰ ਨੂੰ ਅੰਬੇਡਕਰ ਭਵਨ ਵਿਖੇ ਮਨਾਉਣ ਜਾ ਰਹੀ ਹੈ ਉਸ ਵਿੱਚ ਮੁੱਖ ਬੁਲਾਰੇ ਵਜੋਂ ਪ੍ਰਸਿੱਧ ਵਿਦਵਾਨ ਪ੍ਰੋ. ਮਨਜੀਤ ਸਿੰਘ ਅਤੇ ਮਾਣਯੋਗ ਪੰਜਾਬ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਤਰਲੋਕ ਸਿੰਘ ਚੌਹਾਨ ਸ਼ਿਰਕਤ ਕਰਨਗੇ ਅਤੇ ਇਸਦੇ ਨਾਲ ਹੀ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਪੂਰੇ ਸਮਾਜ ਨੂੰ ਅਪੀਲ ਕਰਦੀ ਹੈ ਕਿ 14 ਅਪਰੈਲ ਦਿਨ ਵੀਰਵਾਰ ਨੂੰ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਉੱਤੇ ਆਪਣੇ ਆਪਣੇ ਘਰਾਂ ਅਤੇ ਦਫ਼ਤਰਾਂ ਵਿੱਚ ਦੀਪਮਾਲਾ ਜ਼ਰੂਰ ਕੀਤੀ ਜਾਵੇ। ਮੀਟਿੰਗ ਦੌਰਾਨ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ , ਰਾਜ ਸਿੰਘ ਸੁਹਾਵੀ , ਬਲਵੀਰ ਸਿੰਘ ਭੱਟੀ , ਪ੍ਰੇਮ ਸਿੰਘ ਬੰਗੜ , ਸਵਰਨ ਸਿੰਘ ਛਿੱਬੜ, ਪ੍ਰਿੰਸੀਪਲ ਤਾਰਾ ਸਿੰਘ , ਐਡਵੋਕੇਟ ਹਰਮੇਸ਼ ਕੁਮਾਰ ਜੱਸਲ , ਬੇਅੰਤ ਸਿੰਘ ਕੌਡ ?ੀ , ਮੇਜਰ ਸਿੰਘ , ਪਾਲ ਸਿੰਘ ਕੈਡ ? , ਸੁਰਿੰਦਰ ਸਿੰਘ ਮਾਨੂੰਪੁਰ , ਬਲਬੀਰ ਸਿੰਘ ਸੁਹਾਵੀ , ਕੈਪਟਨ ਸ਼ਿਵ ਸਿੰਘ , ਹਰਬੰਸ ਸਿੰਘ ਮਾਣਕਮਾਜਰਾ , ਜਗਮੇਲ ਸਿੰਘ ਲਿਬੜਾ , ਸੱਤਪਾਲ ਸਿੰਘ ਮਾਜਰੀ , ਸਤਪਾਲ ਪ੍ਰਧਾਨ , ਵਿਨੋਦ ਕੁਮਾਰ , ਮਹਿੰਦਰ ਸਿੰਘ ਮਾਨੂੰਪੁਰ , ਨੇਤਰ ਸਿੰਘ , ਜਗਤਾਰ ਸਿੰਘ , ਕਰਮ ਸਿੰਘ ਲਲਹੇੜੀ , ਡਾ. ਨਿਰਮਲ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਪੁਲਿਸ ਕਮਿਸ਼ਨਰ ਨੇ ਲੁਧਿਆਣਾ ਵਿਖੇ ਪੰਜਾਬ ਪੁਲਿਸ ਦੇ 23 ਪੁਲਿਸ ਮੁਲਾਜ਼ਮਾਂ ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ



**ਲੁਧਿਆਣਾ/(ਸੁਖਚੈਨ ਮਹਿਰਾ**

ˆਉਨ੍ਹਾਂ ਦੇ ਖਾਸ ਦਿਨਾਂ ਨੂੰ ਹੋਰ ਵੀ ਖਾਸ ਬਣਾਉਣ ਲਈ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਅੱਜ ਪੰਜਾਬ ਪੁਲਿਸ ਦੇ 23 ਜਵਾਨਾਂ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੱਤੀ ਹੈ। ਪੰਜਾਬ ਸਰਕਾਰ ਦੀ ਇਸ ਨਿਵੇਕਲੀ ਪਹਿਲਕਦਮੀ ਦੇ ਤਹਿਤ, ਸੀਪੀ ਨੇ ਪੁਲਿਸ ਮੁਲਾਜ਼ਮਾਂ ਨੂੰ ਵਧਾਈ ਦੇਣ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀਜੀਪੀ ਵੀ ਕੇ ਭਾਵੜਾ ਦੇ ਸਾਂਝੇ ਤੌਰ @ਤੇ ਹਸਤਾਖਰਾਂ ਵਾਲਾ ਇੱਕ ਗ੍ਰੀਟਿੰਗ ਕਾਰਡ ਦਿੱਤਾ, ਜਿਸ @ਤੇ ਲਿਖਿਆ ਹੈ ÷ਅੱਜ ਤੁਹਾਡੇ ਜਨਮ ਦਿਨ @ਤੇ, ਅਸੀਂ ਤੁਹਾਨੂੰ ਸਾਡੇ ਦਿਲਾਂ ਤੋਂ ਵਧਾਈ ਦਿੰਦੇ ਹਾਂ। ਦਿਲੋਂ ਅਰਦਾਸ ਕਰਦੇ ਹਾਂ ਕਿ ਆਉਣ ਵਾਲਾ ਸਾਲ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਚੰਗੀ ਸਿਹਤ ਅਤੇ ਖੁਸ਼ੀਆਂ ਲੈ ਕੇ ਆਵੇ। ਅਸੀਂ ਇਹ ਵੀ ਉਮੀਦ ਕਰਦੇ ਹਾਂ ਕਿ ਤੁਸੀਂ ਪੂਰੀ ਲਗਨ, ਮਿਹਨਤ ਅਤੇ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨ ਲਈ ਆਪਣਾ ਫਰਜ਼ ਨਿਭਾਓ। ਗੁਰਪ੍ਰੀਤ ਸਿੰਘ ਭੁੱਲਰ ਨੇ ਇਸ ਮੌਕੇ ਤਾੜੀਆਂ ਵਜਾ ਕੇ ਕਰਮਚਾਰੀਆਂ ਦੀ ਖੁਸ਼ਹਾਲੀ, ਖੁਸ਼ਹਾਲੀ ਅਤੇ ਲੰਬੀ ਉਮਰ ਦੀ ਕਾਮਨਾ ਕਰਦਿਆਂ ਕਿਹਾ ਕਿ ਇਹ ਸਦਭਾਵਨਾ ਉਨ੍ਹਾਂ ਦੇ ਵੱਡੇ ਦਿਨ @ਤੇ ਪੁਲਿਸ ਫੋਰਸ ਦਾ ਮਨੋਬਲ ਉੱਚਾ ਕਰੇਗੀ। ਉਨ੍ਹਾਂ ਦੇ ਨਾਲ ਏਡੀਸੀਪੀ ਡਾ: ਪ੍ਰਗਿਆ ਜੈਨ ਵੀ ਮੌਜੂਦ ਸਨ।

ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀ ਅਤੇ ਅਧਿਕਾਰੀ ਰੋਜ਼ਾਨਾ ਦੇ ਅਧਾਰ @ਤੇ ਬਹੁਤ ਚੁਣੌਤੀਪੂਰਨ ਸਥਿਤੀਆਂ ਨਾਲ ਨਜਿੱਠਦੇ ਹਨ। ਸਾਨੂੰ ਸੁਰੱਖਿਅਤ ਰੱਖਣ ਦਾ ਆਪਣਾ ਕੰਮ ਕਰਨ ਦੇ ਦੌਰਾਨ ਉਹ ਕਈ ਵਾਰ ਹਿੰਸਕ ਸਥਿਤੀਆਂ ਵਿੱਚ ਪਾ ਦਿੱਤੇ ਜਾਂਦੇ ਹਨ। ਉਨ੍ਹਾਂ ਦੇ ਜਨਮ ਦਿਨ @ਤੇ ਉਨ੍ਹਾਂ ਨੂੰ ਯਾਦ ਕਰਨਾ, ਉਨ੍ਹਾਂ ਦੁਆਰਾ ਨਿਭਾਈਆਂ ਗਈਆਂ ਨਿਰਸਵਾਰਥ ਸੇਵਾਵਾਂ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਦੇ ਮਨੋਬਲ ਨੂੰ ਵਧਾਉਣ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਾਣ ਦੀ ਭਾਵਨਾ ਦੇਣ ਦਾ ਇੱਕ ਲੰਮਾ ਰਸਤਾ ਹੋਵੇਗਾ। ਉਮੀਦ ਹੈ ਕਿ ਉਹ ਪੂਰੀ ਲਗਨ, ਮਿਹਨਤ ਅਤੇ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨ ਲਈ ਆਪਣੀ ਡਿਊਟੀ ਨਿਭਾਉਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰ @ਤੇ ਜਾਂ ਵੱਖ-ਵੱਖ ਸਟੇਸ਼ਨਾਂ @ਤੇ ਸਹੂਲਤ ਦੇ ਆਧਾਰ @ਤੇ ਇਹ ਸਮਾਗਮ ਨਿਯਮਤ ਰੂਪ ਵਿਚ ਹੋਵੇਗਾ।

# ਸਰਕਾਰੀ ਆਈ.ਟੀ.ਆਈਜ਼ ਠੇਕਾ ਮੁਲਾਜ਼ਮਾਂ ਵਲੋਂ ਵਿਧਾਇਕ ਨੂੰ ਮੰਗ ਪੱਤਰ



**ਰਾਏਕੋਟ/ਗੁਰਭਿੰਦਰ ਗੁਰੀ, ਗੋਗੀ**

ਸਰਕਾਰੀ ਆਈ.ਟੀ.ਆਈਜ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਸੱਦੇ 'ਤੇ ਅੱਜ ਜਿਲ੍ਹਾ ਲੁਧਿਆਣਾ ਦੀ ਟੀਮ ਵੱਲੋਂ ਪਰਮਜੀਤ ਸਿੰਘ, ਪਰਮਜੀਤ ਕੌਰ, ਰਵਿੰਦਰ ਸਿੰਘ, ਗੁਰਜਿੰਦਰ ਸਿੰਘ ਦੀ ਅਗਵਾਈ 'ਚ ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਮ 'ਤੇ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਉਹਨਾਂ ਦੱਸਿਆ ਕਿ ਅਸੀਂ ਪੰਜਾਬ ਦੀਆਂ ਸਰਕਾਰੀ ਆਈ ਟੀ.ਆਈਜ ਵਿੱਚ ਪਿਛਲੇ 10-12 ਸਾਲਾਂ ਤੋਂ ਪੀਪੀਪੀ ਸਕੀਮ ਅਧੀਨ 360 ਕੱਚੇ ਮੁਲਾਜ਼ਮ ਬਤੌਰ ਇੰਸਟਰਕਟਰਜ ਵਜੋਂ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੇ ਨਿਗੂਣੀਆਂ ਤਨਖਾਹਾਂ 15000 ਰੁਪਏ ਠੇਕੇ ਉੱਪਰ ਧੱਕੇ ਖਾਂ ਰਹੇ ਹਾਂ।ਅਸੀਂ ਜੱਥੇਬੰਦੀ ਵੱਲੋਂ ਇਸ ਵਾਰ ਆਮ ਆਦਮੀ ਪਾਰਟੀ ਨੂੰ 20000 ਤੋਂ ਵੱਧ ਵੋਟਾਂ ਪਵਾ ਕੇ ਸਰਕਾਰ ਲਿਆਉਣ ਵਿੱਚ ਆਪਣਾ ਅਹਿਮ ਯੋਗਦਾਨ ਇਹ ਸੋਚ ਕੇ ਪਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਾਨੂੰ ਪਿਛਲੀਆਂ ਸਰਕਾਰਾਂ ਵਾਂਗ ਲਾਰਾ ਨਹੀਂ ਲਗਾਵੇਗੀ ਅਤੇ ਸਾਨੂੰ ਪੱਕਾ ਕਰੇਗੀ। ਪਰੰਤੂ ਬਿਲਕੁੱਲ ਇਸਦੇ ਉੱਲਟ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਾਨੂੰ ਪੱਕੇ ਕਰਨ ਦੀ ਥਾਂ ਤੇ ਨਵੀਆਂ 990 ਅਸਾਮੀਆਂ ਦਾ ਇਸ਼ਤਿਹਾਰ ਦੇਣ ਜਾ ਰਹੀ ਹੈ। ਜੇਕਰ ਇਹਨਾਂ 990 ਅਸਾਮੀਆਂ ਤੇ ਰੈਗੂਲਰ ਭਰਤੀ ਹੋ ਜਾਂਦੀ ਹੈ ਤਾਂ ਸਾਨੂੰ 360 ਇੰਸਟਰਕਟਰਜ ਨੂੰ ਘਰਾਂ ਨੂੰ ਤੋਰ ਦਿੱਤਾ ਜਾਵੇਗਾ ਜਿਸ ਕਾਰਨ ਸਾਡੇ 360 ਘਰਾਂ ਦੇ ਚੁੱਲ੍ਹੇ ਠੰਡੇ ਹੋ ਜਾਣਗੇ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਆਪਣਾ ਹਰੇ ਰੰਗ ਦਾ ਪੈੱਨ ਸਾਨੂੰ ਪੱਕੇ ਕਰਨ ਲਈ ਚਲਾਉਣ। ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਤਕਨੀਕੀ ਸਿੱਖਿਆ ਵਿਭਾਗ ਜੋ ਇਸ ਸਮੇਂ ਮਾਨਯੋਗ ਮੁੱਖ ਮੰਤਰੀ ਪੰਜਾਬ ਕੋਲ ਹੈ ਕਿ ਪੀਪੀਪੀ ਸਕੀਮ ਅਧੀਨ ਪਿਛਲੇ 10-12 ਸਾਲਾਂ ਤੋਂ ਕੰਮ ਕਰ ਰਹੇ 360 ਇੰਸਟਰਕਟਰਜ ਨੂੰ ਵਿਭਾਗ ਅਧੀਨ ਮਰਜ ਕਰਕੇ ਰੈਗੂਲਰ ਕੀਤਾ ਜਾਵੇ ਬਾਅਦ ਵਿੱਚ ਬਚਦੀਆਂ ਅਸਾਮੀਆਂ ਦਾ ਇਸਤਿਹਾਰ ਦਿੱਤਾ ਜਾਵੇ। ਮੰਗਾਂ ਨੂੰ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਪੂਰੇ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆ ਕੇ ਜਲਦੀ ਹੱਲ ਕਰਵਾਇਆ ਜਾਵੇਗਾ।

Website : www.lokbani.com
lokbani08@gmail.com

# ਅੱਜ ਸੇਂਟ ਸੋਲਜਰ ਸਕੂਲ ਦਾ 23ਵਾਂ ਸਾਲਾਨਾ ਦਿਵਸ ਮਨਾਇਆ ਗਿਆ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਅੱਜ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦਾ 23ਵਾਂ ਸਾਲਾਨਾ ਦਿਵਸ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ। ਇਸ ਖ਼ੁਸ਼ੀ ਵਿੱਚ ਸ਼ੁੱਕਰਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਆਰੰਭ ਹੋਏ ਅਤੇ ਅੱਜ ਐਤਵਾਰ ਨੂੰ ਸੰਪੂਰਨ ਭੋਗ ਪਏ, ਉਪਰੰਤ ਸਕੂਲ ਦੇ ਸ਼ਾਨਦਾਰ ਆਡੀਟੋਰੀਅਮ ਵਿੱਚ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਸਕੂਲ ਦੇ ਬੱਚਿਆਂ ਵੱਲੋਂ ਰਸ ਭਿੰਨਾ ਕੀਰਤਨ ਕਰ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਤੇ ਸੰਤ ਬਾਬਾ ਪਰਮਾਨੰਦ ਜੀ ਵਿਸ਼ੇਸ਼ ਤੌਰ ਤੇ ਪਹੁੰਚੇ, ਉਨ੍ਹਾਂ ਨੇ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਤੇ ਸ੍ਰੀ ਦਰਬਾਰ ਸਾਹਿਬ ਤੋਂ ਪਹੁੰਚੇ ਸਿੰਘ ਸਹਿਬਾਨ ਗਿਆਨੀ ਜਗਤਾਰ ਸਿੰਘ ਜੀ ਨੇ ਹੁਕਮਨਾਮੇ ਦੀ ਕਥਾ ਕਰ ਗੁਰਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਤੇ ਬੱਚਿਆਂ ਦੇ ਮਾਤਾ ਪਿਤਾ ਵੀ ਉਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਤੇ ਸ. ਹਰਭਜਨ ਸਿੰਘ (ਈ.ਟੀ. ਓ) ਕੈਬਨਿਟ ਮੰਤਰੀ ਪੰਜਾਬ ਉਚੇਚੇ ਤੌਰ ਤੇ ਪਹੁੰਚੇ। ਉਨ੍ਹਾਂ ਬੱਚਿਆਂ ਨੂੰ ਮਿਹਨਤ ਨਾਲ ਆਪਣੀ ਆਪਣੀ ਮੰਜ਼ਿਲ ਤੇ ਪਹੁੰਚਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਤੇ ਸ਼੍ਰੀ ਕੁੰਵਰ ਵਿਜੇ ਪ੍ਰਤਾਪ (ਐੱਮ.ਐੱਲ.ਏ.) ਪੰਜਾਬ ਸਰਕਾਰ ਵੀ ਉਚੇਚੇ ਤੌਰ ਤੇ ਬੱਚਿਆਂ ਨੂੰ ਅਸ਼ੀਰਵਾਦ ਦੇਣ ਪਹੁੰਚੇ, ਇਸ ਮੌਕੇ ਤੇ ਸਰਬਜੀਤ ਸਿੰਘ ਡਿੰਪੀ, ਸ਼੍ਰੀ ਨਰੇਸ਼ ਪਾਠਕ , ਸ਼੍ਰੀ ਰਾਜ ਕੁਮਾਰ ਮਲਹੋਤਰਾ , ਪ੍ਰਿੰਸੀਪਲ ਸੁਰੇਸ਼ ਕੁਮਾਰ (ਮਨੋਹਰ ਵਾਟਿਕਾ), ਸ਼੍ਰੀ ਅਰਵਿੰਦਰ ਭੱਟੀ, ਸ਼੍ਰੀ ਪ੍ਰਮੋਦ ਭਾਟੀਆ (ਚੇਅਰਮੈਨ ਯੂਥ ਫੈਡਰੇਸ਼ਨ, ਆਫ ਇੰਡੀਆ), ਸ਼੍ਰੀਮਤੀ ਅਮਨਦੀਪ ਕੌਰ (ਪ੍ਰਿੰਸੀਪਲ ਚਵਿੰਡਾ ਦੇਵੀ), ਜਸਪਿੰਦਰ ਸਿੰਘ ਕਾਹਲੋਂ (ਚੇਅਰਮੈਨ ਮਜੀਠਾ ਸਕੂਲ), ਸ਼ਹਿਰ ਦੇ ਸਾਰੇ ਪੱਤਰਕਾਰ ਵੀਰ ਵੀ ਉਚੇਚੇ ਤੌਰ ਤੇ ਪਹੁੰਚੇ। ਸਟੇਜ ਸੈਕਟਰੀ ਦੀ ਭੂਮਿਕਾ ਜਸਬੀਰ ਸਿੰਘ ਜੀ ਨੇ ਬਾਖੂਬੀ ਨਿਭਾਈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ ਨੇ ਆਏ ਹੋਏ ਮਹਿਮਾਨਾਂ ਦਾ ਅਤੇ ਬੱਚਿਆਂ ਦੇ ਮਾਤਾ ਪਿਤਾ ਦਾ ਸਕੂਲ ਪਹੁੰਚਣ ਤੇ ਧੰਨਵਾਦ ਕੀਤਾ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਗੁਰਪ੍ਰੀਤ ਕੌਰ (ਵਾਈਸ ਪ੍ਰਿੰਸੀਪਲ), ਸ਼ਿਲਪਾ ਸ਼ਰਮਾ (ਕੋਆਰਡੀਨੇਟਰ), ਨਿਲਾਕਸ਼ੀ ਗੁਪਤਾ (ਕੋਆਡੀਨੇਟਰ), ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

# ਵਿਧਾਇਕ ਸ੍ਰ. ਕੁਲਵੰਤ ਸਿੰਘ ਸਿੱਧੂ ਵੱਲੋਂ ਲੁਧਿਆਣਾ ਦੇ ਸੰਗੀਤ ਸਿਨੇਮਾ ਵਾਲੀ ਸੜਕ ਦੇ ਨਿਰਮਾਣ ਕਾਰਜ ਦਾ ਕੀਤਾ ਉਦਘਾਟਨ



**ਲੁਧਿਆਣਾ/ਸੁਖਚੈਨ ਮਹਿਰਾ,ਕਰਨ ਅੱਗਰਵਾਲ**

ਹਲਕਾ ਆਤਮ ਨਗਰ ਤੋਂ ਵਿਧਾਇਕ ਸ੍ਰ. ਕੁਲਵੰਤ ਸਿੰਘ ਸਿੱਧੂ ਵੱਲੋਂ ਲੁਧਿਆਣਾ ਦੇ ਸੰਗੀਤ ਸਿਨੇਮਾ ਚੌਂਕ ਵਾਲੀ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜੁਆਇੰਟ ਕਮਿਸ਼ਨਰ ਸ਼੍ਰੀਮਤੀ ਪੂਨਮਪ੍ਰੀਤ ਕੌਰ ਅਤੇ ਐਕਸੀਅਨ ਸ਼੍ਰੀ ਰਾਕੇਸ਼ ਸਿੰਗਲਾ ਵੀ ਵਿਸ਼ੇਸ਼ ਤੌਰ @ਤੇ ਮੌਜੂਦ ਸਨ।

ਵਿਧਾਇਕ ਸ੍ਰ. ਕੁਲਵੰਤ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਸੜਕ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ ਵਿੱਚੋਂ ਇੱਕ ਹੈ। ਉਨ੍ਹਾਂ ਦੱਸਿਆ ਕਿ ਇਹ ਸੜਕ ਸੰਗੀਤ ਸਿਨੇਮਾ ਚੌਂਕ ਤੋਂ ਭਗਵਾਨ ਚੌਂਕ ਤੱਕ ਆਰ.ਸੀ. ਸੀਮੇਂਟ ਨਾਲ ਬਣਨ ਵਾਲੀ ਸੜਕ @ਤੇ ਲਗਭਗ 2.34 ਕਰੋੜ ਖਰਚ ਆਵੇਗਾ।

ਵਿਧਾਇਕ ਸ੍ਰ. ਕੁਲਵੰਤ ਸਿੰਘ ਸਿੱਧੂ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਰ ਗਲੀ, ਸੜਕ ਨੂੰ ਇੱਕ-ਇੱਕ ਕਰਕੇ ਪੱਕਾ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਪਹਿਲ ਦੇ ਆਧਾਰ @ਤੇ ਮੁਹੱਈਆ ਕਰਵਾਈਆਂ ਜਾਣਗੀਆਂ।

# ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ 05 ਅਪ੍ਰੈਲ ਨੂੰ ਹੋਵੇਗੀ

## ਮਾਪੇ-ਅਧਿਆਪਕ ਮਿਲਣੀ ਲਈ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਭਾਰੀ ਉਤਸ਼ਾਹ



**ਗੁਰਦਾਸਪੁਰ/ਨਵਨੀਤ ਕੁਮਾਰ**

*ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਅਗਵਾਈ ਵਿੱਚ ਸਿੱਖਿਆ ਸਕੱਤਰ ਅਜੋਏ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤੇ ਅਤੇ ਪਰਦੀਪ ਅਗਰਵਾਲ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੀ ਦੇਖ-ਰੇਖ ਅਧੀਨ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਮਾਪਿਆਂ ਨਾਲ ਸਾਂਝਾ ਕਰਨ ਲਈ ਰਾਜ ਭਰ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਮਿਤੀ 5 ਅਪ੍ਰੈਲ ਦਿਨ ਮੰਗਲਵਾਰ ਨੂੰ ਮਾਪੇ-ਅਧਿਆਪਕ ਮਿਲਣੀ ਆਯੋਜਿਤ ਕੀਤੀ ਜਾ ਰਹੀ ਹੈ। ਗੈਰ ਬੋਰਡ ਜਮਾਤਾਂ ਵਿੱਚ ਸਿੱਖਿਆ ਲੈ ਰਹੇ ਵਿਦਿਆਰਥੀਆਂ ਦੇ ਨਤੀਜਿਆਂ , ਦਾਖ਼ਲਾ ਮੁਹਿੰਮ ,ਉੱਚ ਮਿਆਰੀ ਸਿੱਖਿਅਕ ਗਤੀਵਿਧੀਆਂ ਅਤੇ ਸਿੱਖਿਆ ਦੇ ਸਰਵਪੱਖੀ ਵਿਕਾਸ ਦੇ ਪਰਮ ਉਦੇਸ਼ ਤਹਿਤ ਵਿਦਿਆਰਥੀਆਂ ਨੂੰ ਸਹੀ ਸੇਧ ਦੇਣ ਲਈ ਅਧਿਆਪਕਾਂ ਦੇ ਨਾਲ-ਨਾਲ ਮਾਪਿਆਂ ਦਾ ਰੋਲ ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਅਹਿਮੀਅਤ ਨੂੰ ਮੁੱਖ ਰੱਖਦਿਆਂ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨਾਲ ਵਿਦਿਆਰਥੀਆਂ ਦੁਆਰਾ ਗੈਰ ਬੋਰਡ ਸਲਾਨਾ ਪ੍ਰੀਖਿਆਵਾਂ ਵਿੱਚ ਦਿਖਾਈ ਗਈ ਕਾਰਗੁਜ਼ਾਰੀ ਨੂੰ ਸਾਂਝਾ ਕਰਨ ਲਈ ਅਤੇ ਭਵਿੱਖ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਲਈ ਇਹ ਮਾਪੇ-ਅਧਿਆਪਕ ਮਿਲਣੀ ਆਯੋਜਿਤ ਕੀਤੀ ਜਾ ਰਹੀ ਹੈ।*

*ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਹਰਪਾਲ ਸਿੰਘ ਸੰਧਾਵਾਲੀਆ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਮਦਨ ਲਾਲ ਸ਼ਰਮਾ ਨੇ ਦੱਸਿਆ ਕਿ ਵਿਭਾਗ ਵਿਦਿਆਰਥੀਆਂ ਦੀ ਭਲਾਈ ਲਈ ਮਾਪਿਆਂ ਨਾਲ ਲਗਾਤਾਰ ਰਾਬਤਾ ਬਣਾਈ ਰੱਖਣ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ। ਇਸ ਵਾਰ ਵੀ ਹਮੇਸ਼ਾ ਦੀ ਤਰ੍ਹਾਂ ਵਿਦਿਆਰਥੀਆਂ ਦੇ ਚੇਤੰਨ ਮਾਪਿਆਂ ਵੱਲੋਂ ਸਾਰੇ ਸਰਕਾਰੀ ਸਕੂਲਾਂ ਵਿੱਚ ਵਧ-ਚੜ੍ਹ ਕੇ ਸ਼ਿਰਕਤ ਕਰਨ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਾਲਾਨਾ ਪ੍ਰੀਖਿਆਵਾਂ ਦੀ ਕਾਰਗੁਜ਼ਾਰੀ ਸਾਂਝਾ ਕਰਨ ਕਰਕੇ ਲਈ ਇਹ ਮਿਲਣੀ ਬਹੁਤ ਹੀ ਅਹਿਮ ਹੈ।*

*ਇਸ ਮੌਕੇ ਇਕ ਸਾਂਝੇ ਬਿਆਨ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਹਰਪਾਲ ਸਿੰਘ ਸੰਧਾਵਾਲੀਆ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਮਦਨ ਲਾਲ ਸ਼ਰਮਾ ਨੇ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨਸ਼ੀਲ ਹਨ ਅਤੇ ਮਾਪੇ- ਅਧਿਆਪਕ ਮਿਲਣੀ ਦੌਰਾਨ ਮਾਪਿਆਂ ਵੱਲੋਂ ਵਿਦਿਆਰਥੀਆਂ ਦੀ ਭਲਾਈ ਲਈ ਦਿੱਤੇ ਗਏ ਉਸਾਰੂ ਸੁਝਾਵਾਂ ਤੇ ਵਿਭਾਗ ਵੱਲੋਂ ਪੂਰਾ ਧਿਆਨ ਦਿੱਤਾ ਜਾਵੇਗਾ। *

*ਜ਼ਿਕਰਯੋਗ ਹੈ ਕਿ ਸਾਰੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਵਿਭਾਗ ਵੱਲੋਂ 5 ਅਪ੍ਰੈਲ ਨੂੰ ਮਾਪੇ-ਅਧਿਆਪਕ ਮਿਲਣੀ ਕਰਵਾਉਣ ਲਈ ਵਿਭਾਗੀ ਮੀਟਿੰਗਾਂ ਕਰਦੇ ਹੋਏ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਲਖਵਿੰਦਰ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਬਲਬੀਰ ਸਿੰਘ ਨੇ ਦੱਸਿਆ ਕਿ ਇਸ ਮਾਪੇ ਅਧਿਆਪਕ ਮਿਲਣੀ ਨੂੰ ਮੁੱਖ ਰੱਖਦਿਆਂ ਸਾਰੇ ਸਕੂਲਾਂ ਵੱਲੋਂ ਮਾਪਿਆਂ ਨੂੰ ਸ਼ਮੂਲੀਅਤ ਕਰਨ ਲਈ ਫੋਨ ਅਤੇ ਸੋਸ਼ਲ ਮੀਡੀਆ ਰਾਹੀਂ ਵਿਸ਼ੇਸ਼ ਸੱਦਾ ਭੇਜਿਆ ਜਾ ਰਿਹਾ ਹੈ। ਇਸ ਮੰਤਵ ਲਈ ਆਕਰਸ਼ਕ ਪੋਸਟਰ ਬੈਨਰ ਪੈਂਫਲਿਟ ਅਤੇ ਇਨਵੀਟੇਸ਼ਨ ਕਾਰਡ ਤਿਆਰ ਕੀਤੇ ਜਾ ਰਹੇ ਹਨ। ਮਾਪਿਆਂ ਦੇ ਸਵਾਗਤ ਲਈ ਉਚੇਚੇ ਪ੍ਰਬੰਧ ਕੀਤੇ ਗਏ ਸਨ , ਸੈਲਫੀ ਪੁਆਇੰਟ ਬਣਾਏ ਜਾ ਰਹੇ ਹਨ। ਇਸ ਮੌਕੇ ਜ਼ਿਲ੍ਹਾ ਪ੍ਰਿੰਟ ਅਤੇ ਸੋਸ਼ਲ ਮੀਡੀਆ ਕੋਆਡੀਨੇਟਰ ਗਗਨਦੀਪ ਸਿੰਘ ਅਤੇ ਉਨ੍ਹਾਂ ਦੀ ਮੀਡੀਆ ਟੀਮ ਵੱਲੋਂ ਮਾਪਿਆਂ ਨੂੰ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਸਕੂਲਾਂ ਵਿੱਚ ਆਧੁਨਿਕ ਤਕਨੀਕਾਂ ਨਾਲ ਦਿੱਤੀ ਜਾ ਰਹੀ ਮਿਆਰੀ ਸਿੱਖਿਆ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਸੈਕੰਡਰੀ ਅਤੇ ਪ੍ਰਾਇਮਰੀ ਪੱਧਰ ਤੇ ਬਲਾਕ ਨੋਡਲ ਅਫਸਰ , ਬਲਾਕ ਪ੍ਰਾਇਮਰੀ ਸਿੱਖਿਆ ਅਫਸਰ , ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੀ ਸਮੁੱਚੀ ਟੀਮ , ਸਕੂਲ ਪ੍ਰਿੰਸੀਪਲ, ਹੈੱਡਮਾਸਟਰ , ਲੈਕਚਰਰ, ਸੈਂਟਰ ਹੈੱਡ ਟੀਚਰ , ਹੈੱਡ ਟੀਚਰ ਅਤੇ ਸਕੂਲ ਅਧਿਆਪਕ ਵਿਭਾਗੀ ਅਮਲੇ ਦੀ ਸਹਾਇਤਾ ਨਾਲ ਇਸ ਮਾਪੇ ਅਧਿਆਪਕ ਮਿਲਣੀ ਨੂੰ ਯਾਦਗਾਰ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੇ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦੇ ਸੰਬੰਧ ਵਿੱਚ ਗੁਰਮਤਿ ਸਮਾਗਮ ਅੱਜ




**ਲੁਧਿਆਣਾ/ਕਰਨ ਅਗਰਵਾਲ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦੇ ਸੰਬੰਧ ਵਿੱਚ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਸਰਕਲ (ਇਸਤਰੀ ਵਿੰਗ) ਗੋਨਿਆਣਾ ਮੰਡੀ (ਬਠਿੰਡਾ) ਵੱਲੋਂ ਮਿਤੀ 5 ਅਪ੍ਰੈਲ ਦਿਨ ਮੰਗਲਵਾਰ ਨੂੰ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਵਿਸ਼ੇਸ਼ ਗੁਰਮਤਿ ਸਮਾਗਮ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਮਹੰਤ ਭਾਈ ਕਾਹਨ ਸਿੰਘ ਜੀ 'ਸੇਵਾਪੰਥੀ', ਗਿਆਨੀ ਜੋਗਿੰਦਰ ਸਿੰਘ ਹੈੱਡਗ੍ਰੰਥੀ ਗੁਰਦੁਆਰਾ ਮੋਤੀ ਬਾਗ਼ ਸਾਹਿਬ ਦਿੱਲੀ, ਭਾਈ ਅਮਰਜੀਤ ਸਿੰਘ ਵਾਈਸ ਚੈਅਰਮੈਨ ਰੋਪੜ ਕਾਲਜ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਪੰਜਾਬ ਸਰਕਾਰ ਜਲਦ ਕਰੇਗੀ 10500 ਅਧਿਆਪਕਾਂ ਦੀ ਭਰਤੀ-ਗੁਰਮੀਤ ਸਿੰਘ ਮੀਤ ਹੇਅਰ



**ਫਾਜਿਲਕਾ/ਗੌਰਵ ਸ਼ਰਮਾ**

ਪੰਜਾਬ ਦੇ ਸਕੂਲੀ ਸਿੱਖਿਆ, ਉਚੇਰੀ ਸਿੱਖਿਆ, ਖੇਡ ਤੇ ਯੁਵਕ ਸੇਵਾਵਾਂ ਮੰਤਰੀ ਸ: ਗੁਰਮੀਤ ਸਿੰਘ ਮੀਤ ਹੇਅਰ ਨੇ ਆਖਿਆ ਹੈ ਕਿ ਸੂਬਾ ਸਰਕਾਰ ਰਾਜ ਵਿਚ 10500 ਅਧਿਆਪਕਾਂ ਦੀ ਭਰਤੀ ਜਲਦ ਕਰਨ ਜਾ ਰਹੀ ਹੈ। ਉਹ ਇੱਥੇ ਪਿੰਡ ਚਾਣਨਵਾਲਾ ਦੇ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਦੇ ਸਲਾਨਾ ਸਮਾਗਮ ਸਾਂਝ 2022 ਵਿਚ ਸਿ ?ਰਕਤ ਕਰਨ ਲਈ ਪੁੱਜੇ ਸਨ। ਇਸ ਮੌਕੇ ਉਨ੍ਹਾਂ ਨਾਲ ਫਾਜਿ ?ਲਕਾ ਦੇ ਵਿਧਾਇਕ ਸ: ਨਰਿੰਦਰਪਾਲ ਸਿੰਘ ਸਵਨਾ, ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ਼ ਗੋਲਡੀ, ਬੱਲੂਆਣਾ ਦੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਵੀ ਵਿਸੇ ?ਸ ਤੌਰ ਤੇ ਹਾਜਰ ਸਨ।

ਇਸ ਮੌਕੇ ਆਪਣੇ ਸੰਬਧੋਨ ਵਿਚ ਸਿੱਖਿਆ ਮੰਤਰੀ ਸ: ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਸਰਕਾਰ ਦੀ ਸਿੱਖਿਆ ਅਤੇ ਖੇਡਾਂ ਪ੍ਰਤੀ ਆਉਣ ਵਾਲੀ ਨੀਤੀ ਦੀ ਰੂਪ ਰੇਖਾ ਬਿਆਨ ਕਰਦਿਆਂ ਕਿਹਾ ਕਿ ਰਾਜ ਨੂੰ ਸਿੱਖਿਆ ਅਤੇ ਖੇਡਾਂ ਦੋਹਾਂ ਖੇਤਰਾਂ ਵਿਚ ਦੇਸ਼ ਦਾ ਅਵੱਲ ਸੂਬਾ ਬਣਾਇਆ ਜਾਵੇਗਾ।

ਸਿੱਖਿਆ ਮੰਤਰੀ ਨੇ ਚਾਣਨ ਵਾਲਾ ਦੇ ਮੁੱਖ ਅਧਿਆਪਕ ਲਵਜੀਤ ਗਰੇਵਾਲ ਸਮੇਤ ਉਸਦੇ ਸਟਾਫ ਵੱਲੋਂ ਇਸ ਸਕੂਲ ਨੂੰ ਇਕ ਸ਼ਾਨਦਾਰ ਸਕੂਲ ਬਣਾਉਣ ਲਈ ਵਧਾਈ ਦਿੰਦਿਆਂ ਕਿਹਾ ਕਿ ਅਧਿਆਪਕਾਂ ਦੇ ਸਮਰਪਨ ਵਿਚ ਕੋਈ ਕਮੀ ਨਹੀਂ ਹੈ, ਬਲਕਿ ਰਾਸ਼ਟਰ ਨਿਰਮਾਤਾ ਅਧਿਆਪਕ ਹੀ ਪੰਜਾਬ ਸਰਕਾਰ ਦੀ ਸੂਬੇ ਦੇ ਸਕੂਲਾਂ ਨੂੰ ਸਭ ਤੋਂ ਬਿਹਰਤ ਬਣਾਉਣ ਵਿਚ ਸਰਕਾਰ ਦੇ ਲਈ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਉਨ੍ਹਾਂ ਨੇ ਕਿਹਾ ਕਿ ਨਵੀਂ ਭਰਤੀ ਕਰਕੇ ਅਧਿਆਪਕਾਂ ਦੀ ਘਾਟ ਪੂਰੀ ਕੀਤੀ ਜਾਵੇਗੀ ਅਤੇ ਇਸ ਨਾਲ ਨੌਜਵਾਨਾਂ ਲਈ ਰੋਜਗਾਰ ਦੇ ਮੌਕੇ ਵੀ ਵਧਣਗੇ।

ਸਿੱਖਿਆ ਮੰਤਰੀ ਨੇ ਉਚੇਰੀ ਸਿੱਖਿਆ ਦਾ ਜਿਕਰ ਕਰਦਿਆਂ ਕਿਹਾ ਕਿ ਫਾਜਿ ?ਲਕਾ ਦੇ ਐਮ ਆਰ ਕਾਲਜ ਸਮੇਤ ਸਾਰੇ ਸਰਕਾਰੀ ਕਾਲਜਾਂ ਵਿਚ ਨਵੇਂ ਨਵੇਂ ਕੋਰਸ ਸ਼ੁਰੂ ਕੀਤੇ ਜਾਣਗੇ ਤਾਂ ਜ਼ੋ ਸਾਡੇ ਨੌਜਵਾਨ ਸਮੇਂ ਦੇ ਹਾਣ ਦੀ ਸਿੱਖਿਆ ਲੈ ਸਕਣ। ਖੇਡਾਂ ਦੀ ਗੱਲ ਕਰਦਿਆਂ ਸ੍ਰੀ ਮੀਤ ਹੇਅਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਾ ਕੇਵਲ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਮੈਡਲ ਲਿਆਉਣ ਵਾਲਿਆਂ ਦਾ ਮਾਣ ਸਨਮਾਨ ਕਰੇਗੀ ਪਰ ਨਾਲ ਦੀ ਨਾਲ ਅਜਿਹਾ ਖੇਡ ਮਹੌਲ ਸਿਰਜਿਆ ਜਾਵੇਗਾ ਕਿ ਸਾਡੇ ਨੌਜਵਾਨ ਮੈਡਲ ਜਿੱਤ ਸਕਨ। ਉਨ੍ਹਾਂ ਨੇ ਕਿਹਾ ਕਿ ਮੁੜ ਤੋਂ ਖੇਡਾਂ ਵਿਚ ਪੰਜਾਬ ਦੀ ਸਰਦਾਰੀ ਕਾਇਮ ਕੀਤੀ ਜਾਵੇਗੀ। ਉਨ੍ਹਾਂ ਨੇ ਐਲਾਣ ਕੀਤਾ ਕਿ ਸਰਕਾਰ ਜਿੰਨ੍ਹਾਂ ਵੀ ਪਿੰਡਾਂ ਵਿਚ ਜਮੀਨ ਉਪਲਬੱਧ ਹੋਵੇਗੀ ਘਾਹ ਵਾਲੇ ਖੇਡ ਮੈਦਾਨ ਆਉਣ ਵਾਲੇ 2-3 ਸਾਲ ਵਿਚ ਬਣਾਏਗੀ।

ਇਸ ਮੌਕੇ ਉਨ੍ਹਾਂ ਨੇ ਚਾਣਨ ਵਾਲੇ ਦੇ ਪ੍ਰਾਇਮਰੀ ਸਕੂਲ ਨੂੰ ਮਿੱਡਲ ਕਰਨ ਅਤੇ ਸਕੂਲ ਦੀ ਟਰਾਂਸਪੋਰਟ ਸੇਵਾ ਜਾਰੀ ਰੱਖਣ ਦਾ ਐਲਾਣ ਵੀ ਕੀਤਾ

ਇਸ ਤੋਂ ਪਹਿਲਾਂ ਬੋਲਦਿਆਂ ਫਾਜਿ ?ਲਕਾ ਦੇ ਵਿਧਾਇਕ ਸ: ਨਰਿੰਦਰ ਪਾਲ ਸਿੰਘ ਸਵਨਾ ਨੇ ਮੁੱਖ ਅਧਿਆਪਕ ਲਵਜੀਤ ਗਰੇਵਾਲ ਦੀ ਸਲਾਘਾ ਕਰਦਿਆਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੁੜੀਆਂ ਨੂੰ ਵੀ ਪੜਾਈ ਦੇ ਬਰਾਬਰ ਮੌਕੇ ਦੇਣ। ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ਼ ਨੇ ਸਕੂਲਾਂ ਵਿਚ ਸਾਰਥਕ ਮੁਕਾਬਲੇਬਾਜੀ ਦੀ ਲੋੜ ਤੇ ਜ਼ੋਰ ਦਿੱਤਾ ਜਦ ਕਿ ਬੱਲੂਆਣਾ ਦੇ ਵਿਧਾਇਕ ਸ: ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਪੂਰੇ ਪੰਜਾਬ ਦੇ ਸਕੂਲਾਂ ਵਿਚ ਸਿੱਖਿਆ ਸੁਧਾਰ ਕੀਤੇ ਜਾਣਗੇ। ਇਸ ਮੌਕੇ ਕੁਲਦੀਪ ਕੁਮਾਰ ਦੀਪ ਕੰਬੋਜ਼ ਨੇ ਵੀ ਸੰਬੋਧਨ ਕੀਤਾ।

ਇਸ ਤੋਂ ਪਹਿਲਾਂ ਸਿੱਖਿਆ ਮੰਤਰੀ ਦਾ ਇੱਥੇ ਪੁੱਜਣ ਤੇ ਐਸਡੀਐਮ ਸ: ਰਵਿੰਦਰ ਸਿੰਘ ਅਰੋੜਾ ਅਤੇ ਜਿ ?ਲ੍ਹਾ ਸਿੱਖਿਆ ਅਫ਼ਸਰ ਸ: ਸੁਖਬੀਰ ਸਿੰਘ ਬੱਲ ਨੇ ਸਵਾਗਤ ਕੀਤਾ। ਇਸ ਮੌਕੇ ਆਪ ਜਿ ?ਲ੍ਹਾ ਪ੍ਰਧਾਨ ਸ੍ਰੀ ਅਰੁਣ ਵਧਵਾ, ਸਟੇਟ ਮੀਡੀਆ ਕੋਆਰਡੀਨੇਟਰ ਅਮਰਦੀਪ ਬਾਠ, ਸਕੂਲ ਸਟਾਫ ਸਵੀਕਾਰ ਗਾਂਧੀ, ਗੌਰਵ ਕੁਮਾਰ, ਸਵੇਤਾ ਕੁਮਾਰ, ਮਨੀ ?ਸਾ ਢਾਕਾ, ਮੀਡੀਆ ਕੋਆਰਡੀਨੇਟਰ ਇੰਨਕਲਾਬ ਗਿੱਲ, ਸਿਮਲਜੀਤ ਸਿੰਘ ਵੀ ਹਾਜਰ ਸਨ।

ਇਸ ਮੌਕੇ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਦੀਆਂ ਸਭਿਆਚਾਰਕ ਪੇਸ਼ਕਾਰੀਆਂ ਨੇ ਸਭ ਨੂੰ ਕੀਲ ਕੇ ਰੱਖ ਦਿੱਤਾ ਅਤੇ ਪਿੰਡ ਦੇ ਲੋਕਾਂ ਨੇ ਵੱਡੇ ਉਤਸਾਹ ਨਾਲ ਭਾਗ ਲਿਆ। ਬੱਚਿਆਂ ਵੱਲੋਂ ਸ਼ਬਦ ਗਾਇਨ, ਸਮੂਹ ਨਾਚ, ਲਘੂ ਨਾਟਿਕਾ, ਲੋਕਗੀਤ, ਕਰਾਟੇ ਦੇ ਕਰਤਬ, ਗੱਤਕਾ, ਰਾਜਸਥਾਨੀ ਨਾਚ, ਭੰਗੜਾ ਅਤੇ ਗਿੱਧਾ ਆਦਿ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਸਾਵਣ ਸੁੱਖਾ ਪਰਿਵਾਰ ਵੱਲੋਂ ਸਕੂਲ ਨੂੰ 51000 ਰੁਪਏ ਦੀ ਸਹਾਇਤਾ ਦੇਣ ਦਾ ਐਲਾਣ ਵੀ ਕੀਤਾ ਗਿਆ।

ਬਾਕਸ ਲਈ ਪ੍ਰਸਤਾਵਿਤ

ਕਿਉਂ ਖਾਸ ਹੈ ਚਾਣਨ ਵਾਲੇ ਦਾ ਸਰਕਾਰੀ ਪ੍ਰਾਇਮਰੀ ਸਕੂਲ

ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਪਹਿਲਾਂ ਪੂਰੀ ਤਰਾਂ ਏਅਰ ਕੰਡੀਸ਼ਨਡ ਸਰਕਾਰੀ ਪ੍ਰਾਇਮਰੀ ਸਕੂਲ ਹੈ। ਜਿਸ ਦੀਆਂ ਸਾਰੀਆਂ ਜਮਾਤਾਂ ਸਮਾਰਟ ਕਲਾਸ ਰੂਮ ਨਾਲ ਸੁਸੱਜਿਤ ਹਨ। ਇਸ ਵਿਚ ਓਪਨ ਜਿੰਮ, ਲਿਸਨਿੰਗ ਲੈਬ, ਔਡੀਟੋਰੀਅਮ, ਬਾਇਓਮੈਟ੍ਰਿਕ ਹਾਜਰੀ, ਈ ਲਾਇਬ੍ਰੇਰੀ, ਕੰਪਿਊਟਰ ਕਲਾਸ, ਵਾਈਫਾਈ ਕੈਂਪਸ ਹੈ।

# ਸਬ ਰਜਿਸਟਰਾਰ ਲੁਧਿਆਣਾ (ਪੱਛਮੀ/ਕੇਂਦਰੀ) ਦੀ ਕੰਟੀਨ ਦੇ ਠੇਕੇ ਦੀ ਬੋਲੀ 18 ਨੂੰ

**ਲੁਧਿਆਣਾ/ਕਰਨ ਅਗਰਵਾਲ**

ਉਪ ਮੰਡਲ ਮੈਜਿਸਟ੍ਰੇਟ ਲੁਧਿਆਣਾ (ਪੱਛਮੀ/ਕੇਂਦਰੀ) ਸ੍ਰੀ ਜਗਦੀਪ ਸਹਿਗਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਫ਼ਤਰ ਸਬ ਰਜਿਸਟਰਾਰ ਲੁਧਿਆਣਾ (ਪੱਛਮੀ/ਕੇਂਦਰੀ) ਦੀ ਕੰਟੀਨ ਦੇ ਠੇਕੇ ਦੀ ਖੁੱਲੀ ਬੋਲੀ ਮਈ, 2022 ਤੋਂ 31 ਮਾਰਚ, 2023 ਤੱਕ ਮਿਤੀ 18 ਅਪ੍ਰੈਲ, 2022 ਨੂੰ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਇਹ ਬੋਲੀ ਤਹਿਸੀਲਦਾਰ ਲੁਧਿਆਣਾ ਪੱਛਮੀ ਅਤੇ ਕੇਂਦਰੀ ਦੀ ਹਾਜ਼ਰੀ ਵਿੱਚ ਮਿਤੀ 18 ਅਪ੍ਰੈਲ਼, 2022 ਨੂੰ ਸਵੇਰੇ 11-00 ਵਜੇ ਮਿੰਨੀ ਸਕੱਤਰੇਤ ਦਫ਼ਤਰ ਉੱਪ ਮੰਡਲ ਮੈਜਿਸਟ੍ਰੇਟ ਲੁਧਿਆਣਾ (ਪੱਛਮੀ) ਵਿਖੇ ਹੋਵੇਗੀ। ਉਨ੍ਹਾਂ ਕਿਹਾ ਕਿ ਚਾਹਵਾਨ ਵਿਅਕਤੀ ਆਪਣੀ ਸਕਿਊਰਟੀ ਰਕਮ ਮੁਬਲਿਗ 50 ਹਜ਼ਾਰ ਰੁਪਏ ਬੈਂਕ ਡਰਾਫ਼ਟ ਵਜੋਂ ਮਿਤੀ 18 ਅਪ੍ਰੈਲ਼, 2022 ਨੂੰ ਸਵੇਰੇ 10-30 ਵਜੇ ਤੱਕ ਹਰ ਹਾਲਤ ਵਿੱਚ ਉਨ੍ਹਾਂ ਦੇ ਦਫ਼ਤਰ ਨਾਜ਼ਰ ਸ੍ਰੀ ਕੀਮਤੀ ਲਾਲ ਪਾਸ ਜਮ੍ਹਾਂ ਕਰਵਾ ਸਕਦੇ ਹਨ। ਹੋਰ ਸ਼ਰਤਾਂ ਅਤੇ ਜਾਣਕਾਰੀ ਨਾਜ਼ਰ, ਦਫ਼ਤਰ ਉੱਪ ਮੰਡਲ ਮੈਜਿਸਟ੍ਰੇਟ ਲੁਧਿਆਣਾ (ਪੱਛਮੀ) ਵਿਖੇ ਸੰਪਰਕ ਕਰਕੇ ਕੰਮ ਵਾਲੇ ਦਿਨਾਂ ਦੌਰਾਨ ਦੇਖੀਆਂ ਜਾ ਸਕਦੀਆਂ ਹਨ।

# ਮਿਸ਼ਨ ਇੰਦਰਧਨੁਸ਼ ਦੇ ਤਹਿਤ ਦੂਸਰਾ ਫੇਜ਼ ਸ਼ੁਰੂ



**ਫ਼ਾਜ਼ਿਲਕਾ/ਗੌਰਵ ਸ਼ਰਮਾ**

ਸਿਹਤ ਵਿਭਾਗ ਫਾਜ਼ਿਲਕਾ ਵੱਲੋਂ ਕੋਵਿਡ ਬਿਮਾਰੀ ਅਤੇ ਹੋਰ ਅਨੇਕਾਂ ਕਾਰਨਾਂ ਕਰਕੇ ਟੀਕਾਕਰਨ ਤੋਂ ਵੰਚਿਤ ਬੱਚਿਆਂ ਦਾ ਟੀਕਾਕਰਨ ਕਰਨ ਲਈ ਮਿਸ਼ਨ ਇੰਦਰਧਨੁਸ਼ ਮੁਹਿੰਮ ਦਾ ਦੂਸਰਾ ਫੇਜ਼ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਮੁਹਿੰਮ 4 ਅਪ੍ਰੈਲ ਤੋਂ 10 ਅਪ੍ਰੈਲ ਤੱਕ ਚੱਲੇਗੀ ਜਿਸ ਵਿਚ ਬਾਕੀ ਰਹਿ ਗਏ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ। ਇਹ ਜਾਣਕਾਰੀ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਕਵਿਤਾ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ ਰਿੰਕੂ ਚਾਵਲਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿਚ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਨੇ ਢਾਣੀਆਂ, ਇੱਟਾਂ ਵਾਲੇ ਭੱਠੇ, ਝੁੱਗੀਆਂ ਵਿੱਚ ਜਾ ਕੇ ਬੱਚਿਆਂ ਦਾ ਟੀਕਾਕਰਨ ਕੀਤਾ। ਇਸ ਦੌਰਾਨ ਉਨ੍ਹਾਂ ਵੱਲੋਂ ਕਰਨੀਖੇੜਾ ਵਿਖੇ ਪਹੁੰਚ ਕੇ ਬੂਥਾਂ ਦਾ ਦੌਰਾ ਕੀਤਾ ਗਿਆ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ। ਸੀਨੀਅਰ ਮੈਡੀਕਲ ਅਫਸਰ ਡਾ ਰੁਪਾਲੀ ਮਹਾਜਨ ਨੇ ਦੱਸਿਆ ਕਿ ਇਹ ਬਿਆਨ ਬਹੁਤ ਹੀ ਵਧੀਆ ਹੈ ਕਿਉਂਕਿ ਲੋਕਾਂ ਨੂੰ ਟੀਕਾਕਰਨ ਦੀ ਆਦਤ ਹੋ ਜਾਵੇਗੀ ਅਤੇ ਲੋਕ ਦੂਸਰੀ ਵਾਰ ਟੀਕਾ ਲਗਾਉਣ ਜ਼ਰੂਰ ਆਉਣਗੇ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿਚ ਆਸ਼ਾ ਵਰਕਰ ਘਰ ਘਰ ਜਾ ਕੇ ਸਰਵੇ ਕਰ ਰਹੀਆਂ ਹਨ ਅਤੇ ਜਿਹੜੇ ਬੱਚੇ ਟੀਕਾਕਰਨ ਤੋਂ ਰਹਿ ਗਏ ਹਨ ਉਨ੍ਹਾਂ ਨੂੰ ਇਸ ਮੁਹਿੰਮ ਦਾ ਬਹੁਤ ਫ਼ਾਇਦਾ ਹੋਵੇਗਾ। ਇਸ ਮੌਕੇ ਡਾ. ਸਿਮਰਜੀਤ ਕੌਰ, ਆਸ਼ਾ ਵਰਕਰ ਰਾਜ ਰਾਣੀ, ਪ੍ਰੋਮਿਲਾ ਰਾਣੀ, ਦਿਵੇਸ਼ ਕੁਮਾਰ ਆਦਿ ਹਾਜ਼ਰ ਸਨ।

# ਫਾਜ਼ਿਲਕਾ ਦੇ ਵਿਜਡਮ ਕੋਨਵੈਂਟ ਸਕੂਲ ਵਿੱਚ ਕਰਵਾਇਆ ਗਿਆ ਉਡਾਨ ਸੋ






**ਫਾਜ਼ਿਲਕਾ/ਗੌਰਵ ਸ਼ਰਮਾ**

ਅਜੋਕੇ ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਵਿਜ਼ਡਮ ਕਾਨਵੈਂਟ ਸਕੂਲ ਦੇ ਵਿਹੜੇ ਵਿੱਚ ਸਕੂਲ ਦੇ ਚੇਅਰਮੈਨ ਕਵਿੰਦਰਨਾਥ ਦਹੂਜਾ ਅਤੇ ਪ੍ਰਬੰਧਕ ਨਿਰਦੇਸ਼ਕ ਸਰਦਾਰ ਪਰਮਜੀਤ ਸਿੰਘ ਵੈਰੜ ਵੱਲੋਂ ਸਕੂਲ ਦੇ ਵਿਹੜੇ ਵਿੱਚ 'ਉਡਾਨ' ਨਾਮ ਦਾ ਏਅਰ ਸ਼ੋਅ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪਿਆਂ ਨੂੰ ਵੀ ਸੱਦਾ ਦਿੱਤਾ ਗਿਆ। ਫਾਜ਼ਿਲਕਾ ਦਾ ਇਹ ਇੱਕੋ-ਇੱਕ ਅਜਿਹਾ ਸਕੂਲ ਹੈ ਜਿਸ ਵਿੱਚ ਬੱਚਿਆਂ ਵਿੱਚ ਵਿਗਿਆਨਕ ਉਤਸੁਕਤਾ ਪੈਦਾ ਕਰਨ ਲਈ ਸਕੂਲ ਪ੍ਰਬੰਧਕਾਂ ਵੱਲੋਂ ਇਹ ਨਿਵੇਕਲਾ ਕਦਮ ਚੁੱਕਿਆ ਗਿਆ ਹੈ। ਸਰਦਾਰ ਯਾਦਵਿੰਦਰ ਸਿੰਘ ਜੀ ਨੂੰ ਹਵਾਈ ਜਹਾਜ਼ਾਂ ਦੇ ਮਾਡਲ ਬਣਾਉਣ ਵਿੱਚ ਮੁਹਾਰਤ ਹਾਸਲ ਹੈ। ਉਹ ਬਠਿੰਡਾ ਤੋਂ ਵਿਦਿਆਰਥੀਆਂ ਨੂੰ ਹਵਾਈ ਜਹਾਜ਼ ਬਣਾਉਣ ਬਾਰੇ ਜਾਣਕਾਰੀ ਦੇਣ ਲਈ ਆਏ ਸਨ। ਪਹਿਲਾਂ ਉਹਨਾ ਨੇ ਬੱਚਿਆਂ ਨੂੰ ਦੱਸਿਆ ਕਿ ਜਹਾਜ਼ ਨੂੰ ਸੱਜੇ-ਖੱਬੇ, ਉੱਪਰ-ਨੀਚੇ ਕਿਵੇਂ ਲਿਜਾਣਾ ਹੈ। ਉਨ੍ਹਾਂ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੇ ਜਹਾਜ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਬੱਚਿਆਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ। ਇਹ ਅਨੁਭਵ ਬੱਚਿਆਂ ਲਈ ਬਹੁਤ ਜਾਣਕਾਰੀ ਭਰਪੂਰ ਸੀ। ਉਨ੍ਹਾਂ ਜਹਾਜ਼ਾਂ ਦੀ ਉਡਾਣ ਬਾਰੇ ਜਾਣਕਾਰੀ ਦਿੰਦਿਆਂ ਹਰ ਤਰ੍ਹਾਂ ਦੇ ਜਹਾਜ਼ਾਂ ਨੂੰ ਉਡਾਉਣ ਦਾ ਪ੍ਰਦਰਸ਼ਨ ਵੀ ਕੀਤਾ।ਵਿਜ਼ਡਮ ਕਾਨਵੈਂਟ ਸਕੂਲ ਵਿੱਚ ਰੋਬੋਟਿਕਸ ਲੈਬ ਬਣਾਈ ਜਾ ਰਹੀ ਹੈ, ਜਿਸ ਵਿੱਚ ਬੱਚੇ 3 ਮਹੀਨਿਆਂ ਦੇ ਅੰਦਰ-ਅੰਦਰ ਆਪਣਾ ਜਹਾਜ਼ ਤਿਆਰ ਕਰ ਸਕਣਗੇ। ਵਿਗਿਆਨ ਵਿੱਚ ਵਧੇਰੇ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਲਈ ਇਹ ਗਤੀਵਿਧੀ ਵਰਦਾਨ ਸਾਬਤ ਹੋਵੇਗੀ। ਅਤੇ ਬਾਕੀ ਵਿਦਿਆਰਥੀ ਵੀ ਇਸ ਤੋਂ ਉਤਸ਼ਾਹਿਤ ਹੋਣਗੇ।

# ਆਪ ਦੇ ਯੂਥ ਆਗੂ ਬਿੰਦਰਜੀਤ ਸਿੰਘ ਗਿੱਲ ਬਣੇ ਰਾਏਕੋਟ ਟਰੱਕ ਯੂਨੀਅਨ ਦੇ ਪ੍ਰਧਾਨ



**ਰਾਏਕੋਟ/ਗੋਗੀ**

ਅੱਜ ਸਥਨਾਕ ਟਰੱਕ ਯੂਨੀਅਨ ਰਾਏਕੋਟ ਦੇ ਦਫਤਰ ਵਿਖੇ ਬਹੁ-ਗਿਣਤੀ ਟਰੱਕ ਅਪ੍ਰੇਟਰਾਂ ਵੱਲੋਂ ਮੀਟਿੰਗ ਕੀਤੀ ਗਈ, ਮੀਟਿੰਗ ਉਪਰੰਤ ਆਮ ਆਦਮੀ ਪਾਰਟੀ ਦੇ ਯੂਥ ਆਗੂ ਬਿੰਦਰਜੀਤ ਸਿੰਘ ਗਿੱਲ ਨੂੰ ਸਰਬਸੰਮਤੀ ਨਾਲ ਟਰੱਕ ਯੂਨੀਅਨ ਰਾਏਕੋਟ ਦਾ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਨਵੇਂ ਚੁਣੇ ਪ੍ਰਧਾਨ ਬਿੰਦਰਜੀਤ ਸਿੰਘ ਗਿੱਲ ਨੇ ਟਰੱਕ ਅਪ੍ਰੇਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਉਸ ਤੇ ਭਰੋਸਾ ਕਰਦੇ ਹੋਏ ਯੂਨੀਅਨ ਦਾ ਪ੍ਰਧਾਨ ਚੁਣਿਆ ਹੈ, ਉਹ ਉਸ ਲਈ ਉਨ੍ਹਾਂ ਧੰਨਵਾਦੀ ਰਹਿਣਗੇ ਅਤੇ ਟਰੱਕ ਯੂਨੀਅਨ ਨੂੰ ਬੁਲੰਦੀਆਂ ਵੱਲ ਲਿਜਾਣ ਲਈ ਹਮੇਸ਼ਾਂ ਤੱਤਪਰ ਰਹਿਣਗੇ। ਪ੍ਰਧਾਨ ਗਿੱਲ ਨੇ ਕਿਹਾ ਕਿ ਆਉਂਦੇ ਸਮੇਂ ਅਗਰ ਟਰੱਕ ਅਪ੍ਰੇਟਰਾਂ ਦੀਆਂ ਜੋ ਵੀ ਸਮੱਸਿਆਵਾਂ ਹਨ, ਉਨ੍ਹਾਂ ਦਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਦੀ ਯੋਗ ਅਗਵਾਈ ਹੇਠ ਹੱਲ ਕਰਵਾਇਆ ਜਾਵੇਗਾ ਅਤੇ ਅਪ੍ਰੇਟਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਪ੍ਰਧਾਨ ਬਿੰਦਰਜੀਤ ਸਿੰਘ ਗਿੱਲ ਨੇ ਕਿਹਾ ਕਿ ਆਉਂਦੇ ਦਿਨਾਂ 'ਚ ਬਾਕੀ ਕਮੇਟੀ ਦੀ ਵੀ ਚੋਣ ਕੀਤੀ ਜਾਵੇਗੀ। ਇਸ ਮੌਕੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਵੱਲੋਂ ਨਵਨਿਯੁਕਤ ਪ੍ਰਧਾਨ ਬਿੰਦਰਜੀਤ ਸਿੰਘ ਗਿੱਲ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਵਧਾਈ ਦਿੱਤੀ ਗਈ। ਇਸ ਮੌਕੇ ਰਾਜਦੀਪ ਸਿੰਘ ਆਂਡਲੂ, ਜਗਤਾਰ ਸਿੰਘ ਤਾਰਾ ਤਲਵੰਡੀ, ਹਨੀ ਗਿੱਲ, ਕੁਲਦੀਪ ਸਿੰਘ ਕੱਦੂ ਜੌਹਲਾਂ, ਬਲਵੰਤ ਸਿੰਘ ਜੰਟਾ, ਪੀਏ ਕਮਲ ਸੁਖਾਣਾ, ਜਸਕਰਨ ਸਿੰਘ ਲੱਕੀ ਬੁੱਟਰ, ਮਨਪ੍ਰੀਤ ਸਿੰਘ ਗਰੇਵਾਲ, ਬਲਵੀਰ ਸਿੰਘ ਮਾਨ, ਬਲਜੀਤ ਸਿੰਘ ਜਲਾਲਦੀਵਾਲ, ਰਾਏ ਸਿੰਘ ਲੋਹਟਬੱਦੀ, ਮਨਜੀਤ ਸਿੰਘ, ਬਲਜੀਤ ਸਿੰਘ, ਬਲਜਿੰਦਰ ਸਿੰਘ, ਗੁਰਜੀਤ ਸਿੰਘ, ਜਸਵਿੰਦਰ ਸਿੰਘ, ਗੁਰਬ ਖ਼ਸ ਸਿੰਘ, ਸਤਪਾਲ ਸਿੰਘ, ਲਖਵੀਰ ਸਿੰਘ, ਦਰਸ਼ਨ ਸਿੰਘ, ਹਰਪਾਲ ਸਿੰਘ, ਸ਼ੇਰ ਸਿੰਘ, ਜਗਜੀਤ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਸੱਜਣ ਸਿੰਘ, ਮਨਪ੍ਰੀਤ ਸਿੰਘ , ਸੁਖਵਿੰਦਰ ਸਿੰਘ, ਅਮਰ ਸਿੰਘ, ਜਗਰੂਪ ਸਿੰਘ, ਜਗਤਾਰ ਸਿੰਘ, ਅਵਤਾਰ ਸਿੰਘ, ਜਰਨੈਲ ਸਿੰਘ, ਸੁਲਤਾਨ ਬੱਸੀਆਂ, ਸਵਰਨਜੀਤ ਸਿੰਘ, ਹਰਦੇਵ ਸਿੰਘ, ਕੰਵਲਜੀਤ ਸਿੰਘ ਜੌਹਲਾਂ, ਅਵਤਾਰ ਸਿੰਘ, ਮੁਨਸ਼ੀ ਹਰਪ੍ਰੀਤ ਸਿੰਘ, ਹਾਕਮ ਸਿੰਘ, ਕੇਵਲ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਸ੍ਰੀ ਦੁਰਗਾ ਸ਼ਕਤੀ ਮੰਦਰ ਕਮੇਟੀ ਵੱਲੋਂ ਨਵ ਵਿਕਰਮੀ ਸੰਮਤ 2079 ਚੇਤਰ ਮਾਸ ਤੇ ਸਮਾਗਮ ਕਰਵਾਇਆ ਗਿਆ



**ਰਾਏਕੋਟ/ਗੋਗੀ**

ਸਥਾਨਕ ਸ੍ਰੀ ਦੁਰਗਾ ਸ਼ਕਤੀ ਮੰਦਰ ਕਮੇਟੀ ਵੱਲੋਂ ਪ੍ਰਧਾਨ ਮਨੋਹਰ ਲਾਲ ਲਾਡੀ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਨਵ ਵਿਕਰਮੀ ਸੰਮਤ 2079 ਚੇਤਰ ਮਾਸ ਤੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਨਾਤਨ ਧਰਮ ਦੇ ਝੰਡੇ ਨੂੰ ਚੜਾਉਣ ਦੀ ਰਸਮ ਵਿਧਾਇਕ ਹਾਕਮ ਸਿੰਘ ਠੇਕੇਦਾਰ ਦੀ ਧਰਮਪਤਨੀ ਜਸਪਾਲ ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਸ਼ਹਿਰ ਦੀਆਂ ਪ੍ਰਮੁੱਖ ਭਜਨ ਮੰਡਲੀਆਂ ਵੱਲੋਂ ਭਜਨ ਗਾ ਕੇ ਸੰਗਤਾਂ ਨੂੰ ਝੂਮਣ ਲਈ ਮਜ਼ਬੂਰ ਕਰ ਦਿੱਤਾ। ਇਸ ਮੌਕੇ ਪ੍ਰਧਾਨ ਮਨੋਹਰ ਲਾਲ ਲਾਡੀ ਨੇ ਦੱਸਿਆ ਕਿ ਮੰਦਰ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਵਿਕਰਮੀ ਸੰਮਤ 'ਤੇ ਸਮਾਗਮ ਕਰਵਾਇਆ ਜਾਂਦਾ ਹੈ, ਜਿਸ ਵਿੱਚ ਸੰਗਤਾਂ ਵੱਡੀ ਗਿਣਤੀ 'ਚ ਪੁੱਜੇ ਕੇ ਨਤਮਸਤਕ ਹੁੰਦੀਆਂ ਹਨ ਅਤੇ ਪ੍ਰਭੂ ਦਾ ਗੁਣਗਾਨ ਕਰਦੀਆਂ ਹਨ।

ਇਸ ਮੌਕੇ ਆਈਆਂ ਸੰਗਤਾਂ ਲਈ ਭੋਜਨ ਅਤੁੱਟ ਵਰਤਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵੰਤ ਰਾਏ ਖੁਰਾਣਾ, ਪ੍ਰਧਾਨ ਇੰਦਰਪਾਲ ਗੋਲਡੀ, ਕਪਿਲ ਗਰਗ, ਡਾ. ਸ਼ਾਮ ਸੁੰਦਰ, ਕੇਵਲ ਕ੍ਰਿਸ਼ਨ ਨਾਰੰਗ, ਪੁਜਾਰੀ ਭਗਵਤ ਪ੍ਰਸ਼ਾਦ, ਮਹਿੰਦਰ ਪਾਲ ਸਚਦੇਵਾ, ਯਸ਼ਵੀਰ ਗੋਇਲ, ਕੈਲਾਸ਼ ਦੁਆ, ਰੀਟਾ ਨਾਰੰਗ, ਰੀਟਾ ਗੁੰਬਰ, ਰੇਣੂੰ ਜੁਨੇਜਾ, ਦਰਸ਼ਨ ਜੁਨੇਜਾ, ਕਮਲੇਸ਼ ਦੁਆ, ਵਰਸ਼ਾ ਧੀਂਗੜਾ, ਪ੍ਰੇਮ ਲਤਾ ਟੱਕਰ, ਜਸਵਿੰਦਰ ਕੌਰ, ਕੈਲਾਸ਼ ਰੱਤੜਾ ਆਦਿ ਵੀ ਹਾਜ਼ਰ ਸਨ।

# ਓਪਰੇਸ਼ਨ ਪੁਨੀਤ ਸਾਗਰ ਮੁਹਿੰਮ ਅਧੀਨ ਐਨਸੀਸੀ ਕੈਡਿਟਾਂ ਨੇ ਕਾਂਜਲੀ ਵੈਟਲੈਂਡ ਵਿਖੇ ਚਲਾਇਆ ਸਫਾਈ ਅਭਿਆਨ

## ਸਾਡੇ ਜਲ ਸਰੋਤਾਂ ਦੀ ਸਫਾਈ ਨਾਲ ਹੋਵੇਗੀ ਵਾਤਾਵਰਣ ਦੀ ਰੱਖਿਆ - ਕਰਨਲ ਵਿਸ਼ਾਲ




**ਕਪੂਰਥਲਾ/ਪਰਮਜੀਤ ਸੰਨੀ**

21 ਪੰਜਾਬ ਬਟਾਲੀਅਨ ਦੇ ਕਮਾਂਡਿੰਗ ਅਫਸਰ ਕਰਨਲ ਵਿਸ਼ਾਲ ਓਪਲ ਦੀ ਅਗਵਾਈ ਹੇਠ ਓਪਰੇਸ਼ਨ ਪੁਨੀਤ ਸਾਗਰ ਮੁਹਿੰਮ ਅਧੀਨ ਕਾਂਜਲੀ ਵੈਟਲੈਂਡ ਦੀ ਸਫਾਈ ਦਾ ਅਭਿਆਨ ਚਲਾਇਆ ਗਿਆ। ਇਸ ਓਪਰੇਸ਼ਨ ਅਧੀਨ ਪੂਰੇ ਦੇਸ਼ ਵਿੱਚ ਕੁਦਰਤੀ ਜਲ ਸਰੋਤਾਂ ਦੀ ਸਫਾਈ ਦਾ ਕਾਰਜ ਕੀਤਾ ਜਾਣਾ ਹੈ। ਇਸੇ ਲੜੀ ਤਹਿਤ 21 ਪੰਜਾਬ ਬਟਾਲਿਅਨ ਐਨਸੀਸੀ ਕਪੂਰਥਲਾ ਦੇ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਕਪੂਰਥਲਾ,ਆਰਮੀ ਪਬਲਿਕ ਸਕੂਲ,ਕੇਂਦਰੀ ਵਿਦਿਆਲਿਆ ਨਿਊ ਕੈਂਟ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਂਜਲੀ ਦੇ 30 ਐਨਸੀਸੀ ਕੈਡਿਟਾਂ ਨੇ ਭਾਗ ਲਿਆ ਅਤੇ ਕਾਂਜਲੀ ਵੈਟਲੈਂਡ ਦੀ ਸਫਾਈ ਦਾ ਕਾਰਜ ਕੀਤਾ।ਇਸ ਮੌਕੇ ਤੇ 2 ਅਧਿਕਾਰੀ,4 ਜੇਸੀਓ,4 ਹੋਰ ਰੈਂਕ ਹਾਜ਼ਰ ਸਨ।ਇਸ ਮੌਕੇ ਤੇ ਐਨਸੀਸੀ ਕੈਡਿਟਾਂ ਨੂੰ ਸੰਬੋਧਿਤ ਕਰਦਿਆਂ ਕਰਨਲ ਵਿਸ਼ਾਲ ਉੱਪਲ ਨੇ ਕਿਹਾ ਕਿ ਪੁਨੀਤ ਸਾਗਰ ਅਭਿਆਨ ਦਾ ਉਦੇਸ਼ ਸਥਾਨਕ ਲੋਕਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਬੀਚਾਂ ਦੀ ਸਫਾਈ ਦੀ ਜ਼ਰੂਰਤ ਬਾਰੇ ਜਾਗਰੂਕਤਾ ਦਾ ਸੰਦੇਸ਼ ਫੈਲਾਉਣਾ ਹੈ।ਉਨ੍ਹਾਂ ਨੇ ਦੱਸਿਆ ਕਿ ਐਨਸੀਸੀ ਆਪਣੇ ਕੈਡਿਟਾਂ ਵਿੱਚ ਅਗਵਾਈ ਦੇ ਸਾਰੇ ਗੁਣਾਂ ਦਾ ਵਿਕਾਸ ਕਰਦੀ ਹੈ।ਤਾਂ ਜੋ ਐਨਸੀਸੀ ਸਾਡੇ ਦੇਸ਼ ਲਈ ਚੰਗੇ ਨਾਗਰਿਕ ਅਤੇ ਨੇਤਾ ਤਿਆਰ ਕਰ ਸਕੇ।ਉਨ੍ਹਾਂ ਨੇ ਦੱਸਿਆ ਕਿ ਐਨਸੀਸੀ ਸਾਡੇ ਦੇਸ਼ ਦੇ ਸਾਰੇ ਜਲ ਸਰੋਤਾਂ ਨੂੰ ਸਾਫ਼ ਰੱਖਣ ਲਈ ਇੱਕ ਦੇਸ਼ ਵਿਆਪੀ ਮੁਹਿੰਮ ਚਲਾ ਰਹੀ ਹੈ,ਜਿਸ ਦਾ ਨਾਮ ਪੁਨੀਤ ਸਾਗਰ ਅਭਿਆਨ ਰੱਖਿਆ ਗਿਆ ਹੈ।ਸਾਡੇ ਐਨਸੀਸੀ ਕੈਡਿਟ ਇਸ ਮੁਹਿੰਮ ਵਿੱਚ ਸਰਗਰਮ ਹਿੱਸਾ ਲੈ ਕੇ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣਾ ਸਿੱਖ ਰਹੇ ਹਨ ਤਾਂ ਜੋ ਉਹ ਚੰਗੇ ਨਾਗਰਿਕ ਬਣ ਸਕਣ ਅਤੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾਪੂਰਵਕ ਨਿਭਾ ਸਕਣ।ਉਨ੍ਹਾਂ ਕਿਹਾ ਕਿ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਗੁਰਬਾਣੀ ਵਿੱਚ ਦਰਜ ਉਪਰੋਕਤ ਸਤਰ ਦੀ ਮਹਾਨਤਾ ਅਤੇ ਮਹੱਤਤਾ ਨੂੰ ਜਾਨਣਾ ਅੱਜ ਬਹੁਤ ਜ਼ਰੂਰੀ ਹੈ।ਇਸ ਵਿੱਚ ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ।ਜਿਸ ਦੇ ਕਰਕੇ ਹੀ ਧਰਤੀ ਤੇ ਜੀਵਨ ਪਾਇਆ ਜਾਂਦਾ ਹੈ।ਪਾਣੀ ਦੀ ਅਣਹੋਂਦ ਕਰਕੇ ਹੋਰ ਗ੍ਰਹਿਆਂ ਤੇ ਜੀਵਨ ਨਹੀਂ ਲਭਿਆ ਜਾ ਸਕਿਆ।ਪਾਣੀ ਸਾਡੇ ਜੀਵਨ ਦੀਆਂ ਮੁਢਲੀਆਂ ਜ਼ਰੂਰਤਾਂ ਵਿਚੋਂ ਇਕ ਅਤਿ ਜ਼ਰੂਰੀ ਤਰਲ ਪਦਾਰਥ ਹੈ।ਜਿਸ ਤੋਂ ਬਿਨਾਂ ਕੋਈ ਵੀ ਪ੍ਰਾਣੀ ਜੀਵਿਤ ਨਹੀਂ ਰਹਿ ਸਕਦਾ।ਪਾਣੀ ਪੀਣ ਤੋਂ ਬਿਨਾ ਹੋਰ ਅਨੇਕਾਂ ਹੀ ਰੋਜ਼-ਮਰਾ ਦੇ ਕੰਮਾਂ ਲਈ ਵਰਤਿਆ ਜਾਂਦਾ ਹੈ।ਹੁਣ ਦੇਸ਼ ਭਰ ਵਿਚ ਜਿਉਂ-ਜਿਉਂ ਪਾਣੀ ਦੀ ਕਮੀ ਜੋਰ ਫੜ੍ਹਦੀ ਜਾ ਰਹੀ ਹੈ,ਤਿਉਂ-ਤਿਉਂ ਪਾਣੀ ਦੇ ਸੰਕਟ ਉਪਰ ਵੀ ਵਿਚਾਰਾਂ ਹੋਣ ਲਗ ਪਈਆਂ ਹਨ।ਖ਼ਾਸ ਕਰਕੇ ਵੱਡੇ-ਵੱਡੇ ਸ਼ਹਿਰਾਂ ਵਿਚ ਪਾਣੀ ਦੀ ਸਮਸਿਆ ਪੈਦਾ ਹੋਣ ਲਗੀ ਹੈ,ਜਿਸ ਸਬੰਧੀ ਆਏ ਦਿਨ ਅਖਬਾਰਾਂ ਵਿਚ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਰਹਿੰਦੀਆਂ ਹਨ।ਉਨ੍ਹਾਂ ਕਿਹਾ ਕਿ ਜਲ ਸਾਡੇ ਜੀਵਨ ਲਈ ਬਹੁਤ ਮਹੱਤਵਪੂਰਣ ਹੈ ਅਤੇ ਕੁਦਰਤੀ ਜਲ ਸੌਮਿਆ ਦੀ ਰੱਖਿਆ ਨਾਲ ਪਾਣੀ ਦੀ ਬਚਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਪੁਨੀਤ ਸਾਗਰ ਅਭਿਆਨ ਅਧੀਨ ਸਾਡੀ ਬਟਾਲਿਅਨ ਨੂੰ ਕਾਂਜਲੀ ਵੈਟਲੈਂਡ ਦੀ ਸਫਾਈ ਦਾ ਕੰਮ ਸੌਂਪਿਆ ਗਿਆ ਹੈ।ਇਸਲਈ ਅੱਜ ਅਸੀਂ ਆਪਣੇ ਇਸ ਕੰਮ ਦੀ ਸ਼ੁਰੂਆਤ ਕੀਤੀ ਹੈ ਅਤੇ ਭਵਿੱਖ ਵਿੱਚ ਵੀ ਅਸੀਂ ਆਪਣੇ ਇਹ ਉਪਰਾਲੇ ਜਾਰੀ ਰਖਾਂਗੇ।

# ਕਮਲਜੀਤ ਸਿੰਘ ਮਾਂਗਟ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਵੱਲੋਂ ਚਾਰਜ ਸੰਭਾਲਿਆ



**ਰਾਏਕੋਟ/ਗੋਗੀ**

ਸਹਿਕਾਰਤਾ ਵਿਭਾਗ ਵੱਲੋਂ ਕੀਤੀਆ ਗਈਆ ਬਦਲੀਆ ਉਪਰੰਤ ਕਮਲਜੀਤ ਸਿੰਘ ਮਾਂਗਟ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਵਾਂ,ਵੱਲੋਂ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਵਾਂ,ਰਾਏਕੋਟ ਦਾ ਚਾਰਜ ਸੰਭਾਲ ਲਿਆ ਹੈ।ਇਸ ਮੌਕੇ ਉਨ੍ਹਾਂ ਦਾ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਵਾਂ,ਸਰਕਲ ਰਾਏਕੋਟ ਦੇ ਦਫਤਰੀ ਸਟਾਫ,ਫੀਲਡ ਸਟਾਫ ਅਤੇ ਖੇਤੀਬਾੜੀ ਸਹਿਕਾਰੀ ਸਭਾਵਾਂ ਸੈਕਟਰੀ ਯੂਨੀਅਨ ਵੱਲੋਂ ਫੁੱਲਾ ਦੇ ਗੁਲਦਸਤੇ ਭੇਂਟ ਕਰਕੇ ਸਵਾਗਤ ਕੀਤਾ ਗਿਆ।ਇਸ ਮੌਕੇ ਕਮਲਜੀਤ ਸਿੰਘ ਮਾਂਗਟ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਵਾਂ ਵੱਲੋਂ ਪੱਤਰਕਾਰਾ ਨਾਲ ਗੱਲਬਾਤ ਕਰਦੇ ਹੋਏ ਕਿਹਾ ਗਿਆ ਕਿ ਸਰਕਲ ਵਿੱਚ ਪੈਂਦੀਆ ਖੇਤੀਬਾੜੀ ਸਹਿਕਾਰੀ ਸਭਾਵਾਂ,ਦੇ ਕੰਮ ਪਹਿਲ ਦੇ ਅਧਾਰ ਕੀਤਾ ਜਾਵੇਗਾ,ਕਿਸੇ ਨੂੰ ਵੀ ਖੇਤੀਬਾੜੀ ਸਹਿਕਾਰੀ ਸਭਾਵਾਂ, ਦੇ ਕੰਮਕਾਜ ਵਿੱਚ ਕਿਸੇ ਕਿਸਮ ਦੀ ਦਿੱਕਤ ਆਉਣ ਨਹੀ ਦਿੱਤੀ ਜਾਵੇਗੀ।ਇਸ ਮੌਕੇ ਜਗਤਾਰ ਸਿੰਘ ਰਾਜੋਆਣਾ ਚੇਅਰਮੈਨ ਸੀ.ਪੀ.ਐਫ.ਕਰਮਚਾਰੀ ਯੂਨੀਅਨ,ਲੁਧਿਆਣਾ,ਗੁਰਪ੍ਰੀਤ ਕੌਰ ਜੂਨੀਅਰ ਸਹਾਇਕ,ਸੁਰਿੰਦਰ ਸਿੰਘ,ਸਿਮਰਜੀਤ ਸਿੰਘ,ਗੁਰਪ੍ਰੀਤ ਸਿੰਘ (ਤਿੰਨੋ ਨਰੀਖਕ ਸਹਿਕਾਰੀ ਸਭਾਵਾਂ),ਦਲਜੀਤ ਸਿੰਘ ਘੁਡਾਣੀ ਜਿਲ੍ਹਾ ਪ੍ਰਧਾਨ,ਸੁਖਵਿੰਦਰ ਸਿੰਘ ਅਕਾਲਗੜ੍ਹ ਸਰਕਲ ਪ੍ਰਧਾਨ ਰਾਏਕੋਟ,ਵਿਸਾਖਾ ਸਿੰਘ ਸਾਬਕਾ ਸਰਕਲ ਪ੍ਰਧਾਨ,ਧਰਮਿੰਦਰ ਸਿੰਘ,ਸੁਰਜੀਤ ਸਿੰਘ,ਹਰਪਾਲ ਸਿੰਘ,ਅਰਵਿੰਦਰ ਸਿੰਘ,ਗੁਰਕੀਰਤ ਸਿੰਘ,ਗਗਨਦੀਪ ਸਿੰਘ ਅਲੁਣਾ ਤੋਲਾ,ਲਖਵਿੰਦਰ ਸਿੰਘ(ਸਾਰੇ ਸਕੱਤਰ ਖੇਤੀਬਾੜੀ ਸਭਾਵਾਂ),ਸੁਰਜੀਤ ਸਿੰਘ,ਗੁਰਬਖਸ ਸਿੰਘ,ਗੁਰਮੀਤ ਸਿੰਘ ਆਦਿ ਹਾਜਰ ਸਨ।

Website : www.lokbani.com
lokbani08@gmail.com

# ਕੋਵਿਡ ਦੋਰਾਂਨ ਲੋਕਾਂ ਦੀਆਂ ਜਾਂਨਾਂ ਬਚਾਉਣ ਵਾਲੇ ਅਧਿਕਾਰੀ/ਕਰਮਚਾਰੀਆਂ ਨੂੰ ਸਨਮਾਨਿਤ ਕੀਤਾ : ਸਿਵਲ ਸਰਜਨ



**ਗੁਰਦਾਸਪੁਰ/ਨਵਨੀਤ ਕੁਮਾਰ**
ਐਸ.ਬੀ.ਐਸ.ਐਨ.ਜੀ. ਓ ਵੱਲੋ ਜਿਲ੍ਹਾ ਗੁਰਦਾਸਪੁਰ ਦੇ ਹੋਟਲ ਇੰਟਰਨੈਸ਼ਨਲ ਵਿਖੇ ਡਾ; ਮੁਨੀਸ਼ੋ ਕੁਮਾਰ ਪ੍ਰਧਾਨ ਵੱਲੋ ਇੱਕ ਪ੍ਰੋਗਰਾਮ ਕਰਵਾਇਆ ਗਿਆ , ਇਸ ਪ੍ਰੋਗਰਾਮ ਵਿੱਚ ਸਿਵਲ ਸਰਜਨ ਗੁਰਦਾਸਪੁਰ ਡਾ: ਵਿਜੇ ਕੁਮਾਰ ਨੂੰ ਮੁੱਖ ਮਹਿਮਾਨ ਬੁਲਾਇਆ ਗਿਆ । ਉਨ੍ਹਾਂ ਵੱਲੋ ਜਿਲ੍ਹਾ ਗੁਰਦਾਸਪੁਰ ਦੇ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਜਿੰਨ੍ਹਾ ਨੇ ਬੜੇ ਲਗਨ ਅਤੇ ਮਿਹਨਤ ਨਾਲ ਸਿਹਤ ਵਿਭਾਗ ਵਿੱਚ ਕੰਮ ਕਰਕੇ ਲੋਕਾਂ ਦੀਆਂ ਜਾਨਾਂ ਨੂੰ ਬਚਾਇਆ ਹੈ । ਸਿਵਲ ਸਰਜਨ ਡਾ; ਵਿਜੇ ਕੁਮਾਰ ਅਤੇ ਐਸ.ਬੀ. ਐਨ.ਜੀ. ਓ ਵੱਲੋ ਉਹਨਾਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ । ਉਹਨਾਂ ਦੱਸਿਆ ਕਿ ਇਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋ ਘਰ ਘਰ ਜਾ ਕੇ ਇਲਾਜ ਕੀਤਾ ਗਿਆ ਹੈ ਅਤੇ ਕੋਵਿਡ -19 ਵੈਕਸੀਨੇਸ਼ਨ ਦਾ ਟੀਕਾਕਰਨ ਕੀਤਾ ਗਿਆ ਹੈ ਜਿਲ੍ਹਾ ਟੀਕਾਕਰਨ ਅਫਸਰ ਡਾ; ਅਰਵਿੰਦ ਕੁਮਾ;ਰ ਨੇ ਦੱਸਿਆ ਕਿ 18 ਸਾਲ ਤੋ ਉਪਰ ਵਾਲੇ ਵਿਅਕੀਤਆਂ ਦੀ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ 99.2 ਪ੍ਰਤੀਸਤ ਅਤੇ ਦੂਜੀ ਡੋਜ 83.5 ਪ੍ਰਤੀਸਤ ਹੋਈ ਹੈ । 12 ਤੋ 14 ਸਾਲ ਦੇ ਬੱਚਿਆਂ ਦੀ ਪਹਿਲੀ ਡੋਜ 70 ਪ੍ਰਤੀਸਤ ਲਗਾਈ ਗਈ ਹੈ । ਇਹ ਕੰਮ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋ ਲਗਨ ਅਤੇ ਮਿਹਨਤ ਨਾਲ ਕੰਮ ਕੀਤਾ ਜਾ ਰਿਹਾ ਹੈ । ਹਰੇਕ ਵਿਅਕਤੀ ਦੀ ਕੋਵਿਡ-19 ਵੈਕਸੀਨੇਸ਼ਨ ਕਰਕੇ ਕਰੋਨਾਂ ਤੋ ਬਚਾਇਆ ਜਾ ਰਿਹਾ ਹੈ ।

# ਭਾਰਤੀ ਨਵਾਂ ਸਾਲ ਚੈਤਰ ਸ਼ੁਕਲ ਪ੍ਰਤਿਪਦਾ ਸੰਵਤ 2079 ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ

**ਕਪੂਰਥਲਾ/ੳਪਰਮਜੀਤ ਸੰਨੀ**
ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਆਸ਼ਰਮ ਕਪੂਰਥਲਾ ਵਿਖੇ ਭਾਰਤੀ ਨਵਾਂ ਸਾਲ ਚੈਤਰ ਸ਼ੁਕਲ ਪ੍ਰਤਿਪਦਾ ਸੰਵਤ 2079 ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਚੇਲਾ ਸਾਧਵੀ ਗੁਰਪ੍ਰੀਤ ਭਾਰਤੀ ਜੀ ਨੇ ਦੱਸਿਆ ਕਿ ਭਾਰਤੀ ਵਿਕਰਮ ਸੰਵਤ ਅਨੁਸਾਰ ਸ਼ੁਕਲ ਚੈਤਰ ਮਹੀਨੇ ਦਾ ਪੱਖ, ਪ੍ਰਤਿਪਦਾ ਦੇ ਦਿਨ, ਸਾਡੇ ਦੇਸੀ ਨਵੇਂ ਸਾਲ ਦੀ ਸ਼ੁਰੂਆਤ ਹੁੰਦੀ ਹੈ।ਇਸ ਦਿਨ ਗ੍ਰਹਿ ਦੀ ਦਸ਼ਾ ਅਤੇ ਪ੍ਰਭਾਵ ਉੱਤਮ ਹੁੰਦੇ ਹਨ, ਇਸ ਦਿਨ ਦੀਆਂ ਸੂਖਮ ਤਰੰਗਾਂ ਬਹੁਤ ਹੀ ਅਮੀਰ ਅਤੇ ਅਧਿਆਤਮਿਕ ਸ਼ਕਤੀ ਦਾ ਵਾਧਾ ਕਰਦੀਆਂ ਹਨ ਕਿਉਂਕੀ ਨਵਰਾਤੇ ਸ਼ੁਰੂ ਹੋਣ ਨਾਲ ਸਾਰਾ ਵਾਤਾਵਰਨ ਮਾ ਮਈ ਹੋ ਜਾਂਦਾ@ ਹੈ ਵਿਵਹਾਰਕ ਨਜ਼ਰੀਏ ਤੋਂ ਦੇਖੀਏ ਤਾਂ ਸਾਰੇ ਦਫਤਰੀ ਕੰਮ ਅਪ੍ਰੈਲ ਤੋਂ ਸ਼ੁਰੂ ਹੋ ਜਾਂਦੇ ਹਨ, ਅਸੀਂ ਆਪਣੇ ਸਾਰੇ ਕੰਮ ਪੰਚਾਂਗ ਦੇ ਆਧਾਰ @ਤੇ ਕਰਦੇ ਹਾਂ, ਫਿਰ ਨਵਾਂ ਸਾਲ ਕਿਉਂ ਨਹੀਂ ?, ਸਾਡੇ ਸਮਾਜ ਵਿਚ ਉਹ ਉਤਸ਼ਾਹ ਕਿਉਂ ਨਹੀਂ ਦੇਖਿਆ ਜਾਂਦਾ ਜੋ ਪਹਿਲੀ ਜਨਵਰੀ ਨੂੰ ਹੁੰਦਾ ਹੈ ਜਾਂ 31 ਦਸੰਬਰ ?ਹਾਲਾਂਕਿ ਉਸ ਸਮੇਂ ਕਿਸੇ ਵੀ ਰੂਪ ਵਿੱਚ, ਨਾ ਤਾਂ ਕੁਦਰਤੀ ਅਤੇ ਨਾ ਹੀ ਅਮਲੀ) ਕੋਈ ਨਵਾਂਪਨ ਨਜ਼ਰ ਆਉਂਦਾ ਹੈ।ਇਸ ਦਾ ਇੱਕੋ ਇੱਕ ਕਾਰਨ ਨਜ਼ਰ ਆ ਰਿਹਾ ਹੈ ਕਿ ਸਾਡੇ ਚਿਰੰਜੀਵੀ ਭਾਰਤੀ ਸੱਭਿਆਚਾਰ ਤੋਂ ਅਣਜਾਣ ਹੋਣਾ।ਸਾਨੂੰ ਹਰ ਇੱਕ ਨੂੰ ਇਸ ਦੀ ਮਹਾਨਤਾ ਤੋਂ ਜਾਣੂ ਕਰਵਾਉਣ ਲਈ ਉਪਰਾਲੇ ਕਰਨੇ ਪੈਣਗੇ। ਸਾਡੀ ਸੰਸਕ੍ਰਿਤੀ, ਸੱਭਿਆਚਾਰਕ ਕ੍ਰਾਂਤੀ ਦਾ ਬਿਗਲ ਵਜਾਉਣਾ ਹੈ, ਜਿਸ ਦੀ ਗੂੰਜ ਦੇਸ਼ ਦੇ ਕੋਨੇ-ਕੋਨੇ ਵਿੱਚ ਸੁਣੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇਸ਼-ਵਿਦੇਸ਼ ਵਿੱਚ ਅਜਿਹੇ ਬਹੁਤ ਸਾਰੇ ਪ੍ਰੋਗਰਾਮ ਕਰ ਰਿਹਾ ਹੈ ਤਾਂ ਜੋ ਸਮਾਜ ਨੂੰ ਜਾਗਰੂਕ ਕੀਤਾ ਜਾ ਸਕੇ। ।ਵੱਡੀ ਗਿਣਤੀ ਵਿੱਚ ਪਹੁੰਚੇ ਸ਼ਰਧਾਲੂਆਂ ਨੇ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ।

# ਕੌਮੀ ਸ਼ਹੀਦ ਨਾਇਕ ਦੀਪ ਸਿਧੂ ਦੇ ਜਨਮ ਦਿਨ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਾਇਆ

## ਕੌਮੀ ਸਹੀਦ ਸੰਦੀਪ ਸਿੰਘ ਦੀਪ ਸਿੱਧੂ ਕੌਮ ਦਾ ਸਰਮਾਇਆ-ਜੱਥੇ: ਨਿਮਾਣਾ



**ਲੁਧਿਆਣਾ/ਕਰਨੈਲ ਸਿੰਘ ਐਮ.ਏ**
ਮਨੁੱਖੀ ਕਾਰਜਾਂ ਨੂੰ ਸਮਰਪਿਤ ਸੰਸਥਾ ਭਾਈ ਘਨ੍ਹਈਆ ਜੀ ਮਿਸਨ ਸੇਵਾ ਸੁਸਾਇਟੀ (ਰਜਿ) ਵਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ ਮਹਾਨ 521ਵਾਂ ਖ਼ੂਨਦਾਨ ਕੈਂਪ ਕੌਮੀ ਨਾਇਕ ਸਹੀਦ ਸੰਦੀਪ ਸਿੰਘ (ਦੀਪ ਸਿੱਧੂ) ਦੇ ਜਨਮ ਦਿਨ ਨੂੰ ਸਮਰਪਿਤ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਨ ਸਮੇਂ ਭਾਈ ਘਨਈਆ ਜੀ ਮਿਸਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇ: ਤਰਨਜੀਤ ਸਿੰਘ ਨਿਮਾਣਾ ਨੇ ਨੌਜਵਾਨਾਂ ਦੇ ਨਾਇਕ ਕੌਮੀ ਸਹੀਦ ਦੀਪ ਸਿੱਧੂ ਦੇ ਜਨਮ ਦਿਨ ਨੂੰ ਸਮਰਪਿਤ ਪਿੰਡ ਪ੍ਰਤਾਬ ਪੁਰਾ ਦੇ ਸਮੂਹ ਨੌਜਵਾਨਾਂ ਵਲੋਂ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸਲਾਘਾ ਕਰਦਿਆਂ ਕਿਹਾ ਕਿ ਕੌਮੀ ਸਹੀਦ ਨਾਇਕ ਦੀਪ ਸਿੱਧੂ ਦੇ ਬੋਲ ਸਨ ਮੇਰੀ ਮੌਤ ਤੇ ਰੋਏ ਨਾ ਮੇਰੀ ਸੋਚ ਨੂੰ ਬਚਾਇਓ ਜਿਹੜੀਆਂ ਕੌਮਾਂ ਆਪਣੇ ਸਹੀਦਾਂ ਦੇ ਦਿਨ ਮਨਾਉਂਦੀਆ ਨੇ ਉਹ ਕੌਮਾਂ ਹਮੇਸਾਂ ਜਿੰਦਾ ਰਹਿੰਦੀਆਂ ਹਨ ਸਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਇਸ ਮੌਕੇ ਤੇ ਜੱਥੇ: ਨਿਮਾਣਾ ਨੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਨੂੰ ਪਰਮਾਣ ਪੱਤਰ ਅਤੇ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਹਰਪਾਲ ਸਿੰਘ ਨੇ ਦਸਿਆ ਕਿ ਕੈਂਪ ਦੌਰਾਨ 50 ਬਲੱਡ ਯੂਨਿਟ ਪ੍ਰੀਤ ਹਸਪਤਾਲ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜਾਂ ਨੂੰ ਨਿਸਕਾਮ ਰੂਪ ਵਿਚ ਲੈਕੇ ਦਿਤਾ ਜਾਵੇਗਾ।ਇਸ ਮੌਕੇ ਤੇ ਸਰਪੰਚ ਸੁਰਜੀਤ ਸਿੰਘ,ਦਵਿੰਦਰ ਸਿੰਘ, ਦਲਜੀਤ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ, ਸੁਰਜੀਤ ਸਿੰਘ, ਤਰਸੇਮ ਸਿੰਘ, ਗਿਆਨ ਸਿੰਘ,ਰਘਬੀਰ ਸਿੰਘ,ਬਾਬਾ ਗੁਰਦੌਰ ਸਿੰਘ ਹਾਜਰ ਸਨ।

# ਜੇ.ਸੀ.ਆਈ ਵਲੋਂ ਲਗਾਏ ਖ਼ੂਨਦਾਨ ਕੈਂਪ ’ਚ 70 ਯੂਨਿਟ ਖ਼ੂਨ ਇਕੱਤਰ


**ਰਾਏਕੋਟ/ਗੋਗੀ:-** ਜੇ.ਸੀ.ਆਈ ਕਲੱਬ ਰਾਏਕੋਟ ਵਲੋਂ ਅੱਜ ਪ੍ਰੈੱਸ ਕਲੱਬ ਰਾਏਕੋਟ ਅਤੇ ਮੰਦਰ ਸ਼ਿਵਾਲਾ ਖਾਮ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਮੰਦਰ ਸ਼ਿਵਾਲਾ ਖਾਮ ਵਿਖੇ ਇਕ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਉੱਘੇ ਗੀਤਕਾਰ, ਗਾਇਕ ਅਤੇ ਫਿਲਮੀ ਅਦਾਕਾਰ ਹੈਪੀ ਰਾਏਕੋਟੀ ਅਤੇ ਐਸ.ਡੀ.ਐਮ ਰਾਏਕੋਟ ਗੁਰਬੀਰ ਸਿੰਘ ਕੋਹਲੀ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਕੈਂਪ ਦੌਰਾਨ ਸਿਵਲ ਹਸਪਤਾਲ ਲੁਧਿਆਣਾ ਤੋਂ ਡਾ. ਸੁਖਜਿੰਦਰ ਕੌਰ ਦੀ ਅਗਵਾਈ ਹੇਠ ਆਈ ਟੀਮ ਵਲੋਂ 70 ਦੇ ਕਰੀਬ ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਖ਼ੂਨਦਾਨ ਕਰਨ ਵਾਲੇ ਵਿਅਕਤੀਆਂ ਨੂੰ ਐਸ.ਡੀ.ਐਮ ਗੁਰਬੀਰ ਸਿੰਘ ਕੋਹਲੀ ਅਤੇ ਹੈਪੀ ਰਾਏਕੋਟੀ ਵਲੋਂ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ। ਖ਼ੂਨ ਦੇਣ ਵਾਲੇ ਨੌਜਵਾਨਾਂ ਦੀ ਹੌਂਸਲਾ ਅਫ਼ਜਾਈ ਕਰਦਿਆਂ ਐਸ.ਡੀ.ਐਮ ਗੁਰਬੀਰ ਸਿੰਘ ਕੋਹਲੀ ਅਤੇ ਹੈਪੀ ਰਾਏਕੋਟੀ ਨੇ ਕਿਹਾ ਕਿ ਨੌਜਵਾਨਾਂ ਵਿੱਚ ਖ਼ੂਨਦਾਨ ਕਰਨ ਲਈ ਉਤਸਾਹ ਦੇਖ ਕੇ ਕਾਫੀ ਪ੍ਰਸੰਨਤਾ ਹੋਈ ਉਨ੍ਹਾਂ ਕਿਹਾ ਕਿ ਖ਼ੂਨ ਦਾਨ ਇੱਕ ਅਜਿਹਾ ਦਾਨ ਹੈ, ਜਿਸ ਨਾਲ ਅਸੀ ਅਨੇਕਾਂ ਕੀਮਤੀ ਜਾਨਾਂ ਬਚਾ ਸਕਦੇ ਹਾਂ। ਉਨ੍ਹਾਂ ਹੋਰਨਾਂ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਖ਼ੂਨ ਦਾਨ ਕਰਕੇ ਕੀਮਤੀ ਜਾਨਾਂ ਬਚਾਉਣ ਵਿੱਚ ਆਪਣਾ ਯੋਗਦਾਨ ਜਰੂਰ ਪਾਉਣ। ਇਸ ਮੌਕੇ ਮੰਦਰ ਕਮੇਟੀ ਪ੍ਰਧਾਨ ਇੰਦਰਪਾਲ ਗੋਲਡੀ, ਜੇ.ਸੀ.ਆਈ ਕਲੱਬ ਦੇ ਪ੍ਰਧਾਨ ਸੁਸ਼ੀਲ ਕੁਮਾਰ, ਪ੍ਰੈਸ ਕਲੱਬ ਪ੍ਰਧਾਨ ਜਸਵੰਤ ਸਿੰਘ ਸਿੱਧੂ, ਜੇਸੀ ਨਰੇਸ਼ ਵਰਮਾਂ, ਜੇਸੀ ਡਾ. ਹਰੀਸ਼ ਜੈਨ, ਪ੍ਰੋਜੈਕਟ ਡਾਇਰੈਕਟਰ ਜੇਸੀ ਅਜੇ ਗੋਗਨਾ, ਜੇਸੀ ਜਸਪਾਲ ਸਿੰਘ ਕੁਤਬਾ, ਜੇਸੀ ਮੁਹੰਮਦ ਅਖਤਰ, ਸਕੱਤਰ ਮੁਹੰਮਦ ਨਾਜ਼ਿਮ, ਡਾ. ਅਮਿਰ, ਸੰਦੀਪ ਸਿੰਘ ਸੋਨੀ, ਡਾ. ਐਚ.ਐਸ ਸਿੱਧੂ, ਮੋਹਨਾ ਬਾਂਸਲ, ਜੱਗਾ ਚੋਪੜਾ,ਆਰ.ਜੀ. ਰਾਏਕੋਟੀ, ਤੋਂ ਇਲਾਵਾ ਹੋਰ ਕਈ ਪਤਵੰਤੇ ਸਜੱਣ ਹਾਜ਼ਰ ਸਨ।

# ਜੋਸ਼ੀ ਬਿਰਾਦਰੀ ਦੀ ਮੇਲ 9 ਅਪ੍ਰੈਲ ਨੂੰ ਦਬੂਰਜੀ ਸ਼ਾਮ ਸਿੰਘ ਚ ਮਨਾਈ ਜਾਵੇਗੀ

**ਦੀਨਾਨਗਰ/ਡਾ.ਰਮੇਸ਼ ਸਰੰਗਲ:-** ਜੋਸ਼ੀ ਬਿਰਾਦਰੀ ਦੀ ਮੇਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 9 ਅਪ੍ਰੈਲ ਦਿਨ ਸ਼ਨੀਵਾਰ ਨੂੰ ਪਿੰਡ ਦਬੂਰਜੀ ਸ਼ਾਮ ਸਿੰਘ ਵਿਚ ਬਹੁਤ ਹੀ ਧੂਮਧਾਮ ਨਾਲ ਮਨਾਈ ਜਾ ਰਹੀ ਹੈ। ਇਹ ਪ੍ਰੋਗਰਾਮ ਅਸ਼ਟਮੀ ਵਾਲੇ ਦਿਨ ਸੱਤਿਆਵਤੀ ਮਾਤਾ ਮੰਦਿਰ ਚ ਹੋਵੇਗਾ । ਜਿਸ ਵਿੱਚ ਸਵੇਰੇ ਝੰਡਾ ਪੂਜਨ, ਹਵਨ ਯੱਗ, ਭਜਨ ਕੀਰਤਨ ਅਤੇ ਕੰਜਕ ਪੂਜਨ ਤੋਂ ਬਾਅਦ ਮਾਤਾ ਜੀ ਦੇ ਮੰਦਰ ਚ ਭੰਡਾਰਾ ਹੋਵੇਗਾ। ਜੋਸ਼ੀ ਪਰਿਵਾਰ ਵਲੋਂ ਸਭ ਨੂੰ ਪਹੁੰਚਣ ਦੀ ਕ੍ਰਿਪਾਲਤਾ ਕੀਤੀ ਜਾਂਦੀ ਹੈ।

# ਡਰੇਨ ਚੋਂ ਮਿਲੀ ਅਣਪਛਾਤੇ ਵਿਅਕਤੀ ਦੀ ਲਾਸ਼

**ਰਾਏਕੋਟ/ਗੋਗੀ:** ਸਥਾਨਕ ਸ਼ਹਿਰ ਦੇ ਬਰਨਾਲਾ ਬਾਈਪਾਸ ਤੇ ਸਥਿਤ ਡਰੇਨ ਚੋਂ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਗੰਦੇ ਪਾਣੀ ਵਿੱਚ ਤੈਰਦੀ ਮਿਲੀ, ਜਿਸ ਸਬੰਧੀ ਕੁਝ ਵਿਅਕਤੀਆਂ ਨੇ ਪੁਲਸ ਨੂੰ ਸੂਚਨਾ ਦਿੱਤੀ ਤਾਂ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਲਾਸ਼ ਨੂੰ ਨਹਿਰ ਵਿਚੋਂ ਬਾਹਰ ਕਢਵਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਏਐੱਸਆਈ ਅਵਤਾਰ ਸਿੰਘ ਨੇ ਦੱਸਿਆ ਕਿ ਬਰਨਾਲਾ ਰੋਡ ਤੇ ਲੰਘਦੀ ਡਰੇਨ ਵਿਚੋਂ ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ ਜਿਸ ਦੀ ਹਾਲੇ ਤੱਕ ਪਛਾਣ ਨਹੀਂ ਹੋ ਪਾਈ ਹੈ ਫਿਲਹਾਲ ਲਾਸ਼ ਨੂੰ ਸੁਧਾਰ ਦੇ ਸਿਵਲ ਹਸਪਤਾਲ ਦੀ ਮੌਰਚਰੀ ਵਿਚ ਰਖਵਾਇਆ ਗਿਆ ਹੈ ਤਾਂ ਕੀ ਇਸ ਦੀ ਪਛਾਣ ਹੋ ਸਕੇ। ਇਸ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਆਮ ਆਦਮੀ ਪਾਰਟੀ ਦੇ ਆਗੂ ਬਿੰਦਰਜੀਤ ਸਿੰਘ ਗਿੱਲ ਨੂੰ ਟਰੱਕ ਯੂਨੀਅਨ ਰਾਏਕੋਟ ਦਾ ਪ੍ਰਧਾਨ ਚੁਣਿਆ




**ਰਾਏਕੋਟ/ਗੁਰਭਿੰਦਰ ਗੁਰੀ**

ਸਥਨਾਕ ਟਰੱਕ ਯੂਨੀਅਨ ਰਾਏਕੋਟ ਦੇ ਦਫਤਰ ਵਿਖੇ ਬਹੁ-ਗਿਣਤੀ ਟਰੱਕ ਅਪ੍ਰੇਟਰਾਂ ਵੱਲੋਂ ਮੀਟਿੰਗ ਕੀਤੀ ਗਈ, ਮੀਟਿੰਗ ਉਪਰੰਤ ਆਮ ਆਦਮੀ ਪਾਰਟੀ ਦੇ ਯੂਥ ਆਗੂ ਬਿੰਦਰਜੀਤ ਸਿੰਘ ਗਿੱਲ ਨੂੰ ਸਰਬਸੰਮਤੀ ਨਾਲ ਟਰੱਕ ਯੂਨੀਅਨ ਰਾਏਕੋਟ ਦਾ ਪ੍ਰਧਾਨ ਚੁਣਿਆ ਗਿਆ।

ਇਸ ਮੌਕੇ ਨਵੇਂ ਚੁਣੇ ਪ੍ਰਧਾਨ ਬਿੰਦਰਜੀਤ ਸਿੰਘ ਗਿੱਲ ਨੇ ਟਰੱਕ ਅਪ੍ਰੇਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਉਸ ਤੇ ਭਰੋਸਾ ਕਰਦੇ ਹੋਏ ਯੂਨੀਅਨ ਦਾ ਪ੍ਰਧਾਨ ਚੁਣਿਆ ਹੈ, ਉਹ ਉਸ ਲਈ ਉਨ੍ਹਾਂ ਧੰਨਵਾਦੀ ਰਹਿਣਗੇ ਅਤੇ ਟਰੱਕ ਯੂਨੀਅਨ ਨੂੰ ਬੁਲੰਦੀਆਂ ਵੱਲ ਲਿਜਾਣ ਲਈ ਹਮੇਸ਼ਾਂ ਤੱਤਪਰ ਰਹਿਣਗੇ। ਪ੍ਰਧਾਨ ਗਿੱਲ ਨੇ ਕਿਹਾ ਕਿ ਆਉਂਦੇ ਸਮੇਂ ਅਗਰ ਟਰੱਕ ਅਪ੍ਰੇਟਰਾਂ ਦੀਆਂ ਜੋ ਵੀ ਸਮੱਸਿਆਵਾਂ ਹਨ, ਉਨ੍ਹਾਂ ਦਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਦੀ ਯੋਗ ਅਗਵਾਈ ਹੇਠ ਹੱਲ ਕਰਵਾਇਆ ਜਾਵੇਗਾ ਅਤੇ ਅਪ੍ਰੇਟਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਪ੍ਰਧਾਨ ਬਿੰਦਰਜੀਤ ਸਿੰਘ ਗਿੱਲ ਨੇ ਕਿਹਾ ਕਿ ਆਉਂਦੇ ਦਿਨਾਂ ’ਚ ਬਾਕੀ ਕਮੇਟੀ ਦੀ ਵੀ ਚੋਣ ਕੀਤੀ ਜਾਵੇਗੀ। ਇਸ ਮੌਕੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਵੱਲੋਂ ਨਵਨਿਯੁਕਤ ਪ੍ਰਧਾਨ ਬਿੰਦਰਜੀਤ ਸਿੰਘ ਗਿੱਲ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਵਧਾਈ ਦਿੱਤੀ ਗਈ।

ਇਸ ਮੌਕੇ ਰਾਜਦੀਪ ਸਿੰਘ ਆਂਡਲੂ, ਜਗਤਾਰ ਸਿੰਘ ਤਾਰਾ ਤਲਵੰਡੀ, ਹਨੀ ਗਿੱਲ, ਕੁਲਦੀਪ ਸਿੰਘ ਕੱਦੂ ਜੌਹਲਾਂ, ਬਲਵੰਤ ਸਿੰਘ ਜੰਟਾ, ਕਮਲ ਸੁਖਾਣਾ, ਜਸਕਰਨ ਸਿੰਘ ਲੱਕੀ ਬੁੱਟਰ, ਮਨਪ੍ਰੀਤ ਸਿੰਘ ਗਰੇਵਾਲ, ਬਲਵੀਰ ਸਿੰਘ ਮਾਨ, ਬਲਜੀਤ ਸਿੰਘ ਜਲਾਲਦੀਵਾਲ, ਰਾਏ ਸਿੰਘ ਲੋਹਟਬੱਦੀ, ਮਨਜੀਤ ਸਿੰਘ, ਬਲਜੀਤ ਸਿੰਘ, ਬਲਜਿੰਦਰ ਸਿੰਘ, ਗੁਰਜੀਤ ਸਿੰਘ, ਜਸਵਿੰਦਰ ਸਿੰਘ, ਗੁਰਬ ਖ਼ਸ ਸਿੰਘ, ਸਤਪਾਲ ਸਿੰਘ, ਲਖਵੀਰ ਸਿੰਘ, ਦਰਸ਼ਨ ਸਿੰਘ, ਹਰਪਾਲ ਸਿੰਘ, ਸ਼ੇਰ ਸਿੰਘ, ਜਗਜੀਤ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਸੱਜਣ ਸਿੰਘ, ਮਨਪ੍ਰੀਤ ਿਸੰਘ, ਸੁਖਵਿੰਦਰ ਸਿੰਘ, ਅਮਰ ਸਿੰਘ, ਜਗਰੂਪ ਸਿੰਘ, ਜਗਤਾਰ ਸਿੰਘ, ਅਵਤਾਰ ਸਿੰਘ, ਜਰਨੈਲ ਸਿੰਘ, ਸੁਲਤਾਨ ਬੱਸੀਆਂ, ਸਵਰਨਜੀਤ ਸਿੰਘ, ਹਰਦੇਵ ਸਿੰਘ, ਕੰਵਲਜੀਤ ਸਿੰਘ ਜੌਹਲਾਂ, ਅਵਤਾਰ ਸਿੰਘ, ਹਾਕਮ ਸਿੰਘ, ਕੇਵਲ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਪੱਤਰਕਾਰ ਮਨਜੀਤ ਢੱਲਾ ਨੂੰ ਸਦਮਾ ਪਿਤਾ ਦਾ ਦਿਹਾਂਤ ਵੱਖ ਵੱਖ ਆਗੂਆਂ ਵੱਲੋਂ ਅਤੇ ਬਾਬਾ ਫ਼ਰੀਦ ਪ੍ਰੈਸ ਕਲੱਬ ਗੋਲੇਵਾਲਾ ਵੱਲੋਂ ਦੁੱਖ ਦਾ ਪ੍ਰਗਟਾਵਾ



**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਸ਼ਹੀਦ ਭਗਤ ਸਿੰਘ ਪ੍ਰੈਸ ਐਸੋਸੀਏਸ਼ਨ ਰਜਿਸਟਰ ਪੰਜਾਬ ਉਕਾਈ ਜੈਤੋ ਦੇ ਪ੍ਰਧਾਨ ਮਨਜੀਤ ਢੱਲਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪੂਜਨੀਕ ਸਤਿਕਾਰਯੋਗ ਪਿਤਾ ਸੀਤਾ ਸਿੰਘ ਢੱਲਾ ਉਮਰ (85) ਸਾਲ ਭੋਗ ਕੇ ਪ੍ਰਮਾਤਮਾ ਦੇ ਚਰਨਾਂ ਵਿਚ ਬਿਰਾਜਮਾਨ ਮਨ ਹੋ ਗਏ ਜਿਨ੍ਹਾਂ ਦਾ ਬੀਤੇ ਦਿਨੀਂ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਇਸ ਦੁੱਖ ਦੀ ਘੜੀ ਵਿੱਚ ਪੱਤਰਕਾਰ ਮਨਜੀਤ ਢੱਲਾ ਅਤੇ ਉਨ੍ਹਾਂ ਦੇ ਭਾਈ ਗੁਰਜੀਤ ਸਿੰਘ ਢੱਲਾ ਅਤੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕਰਦੇ ਹੋਏ ਹੋਏ ਪਰਮਬੰਸ ਸਿੰਘ ਬੰਟੀ ਰੋਮਾਣਾ ਹਲਕਾ ਫ਼ਰੀਦਕੋਟ ਅਤੇ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਆਗੂ ਸੰਦੀਪ ਸਿੰਘ ਸੰਨੀ ਬਰਾੜ ਫਰੀਦਕੋਟ ,ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ ,ਪੱਤਰਕਾਰ ਅੰਗਰੇਜ ਸਿੰਘ ਬਰਾਡ ? ਡੱਲੇਵਾਲਾ,ਪੱਤਰਕਾਰ ਪ੍ਰਦੀਪ ਗਰਗ ਪੱਖੀ ਖੁਰਦ, ਪੱਤਰਕਾਰ ਅਮਰਜੀਤ ਸਿੰਘ ਬਰਾਡ ? ਗੋਲੇਵਾਲਾ, ਪੱਤਰਕਾਰ ਪਵਿੱਤਰ ਬਰਾਡ ? ,ਗਿੱਲ ਹਸਪਤਾਲ ਗੋਲੇਵਾਲਾ, ਬਲਵਿੰਦਰ ਸਿੰਘ ਬਾਬਾ ਪਿਪਲੀ ,ਸੁਖਬੀਰ ਸਿੰਘ ਸੰਘਾ, ਚਰਨਜੀਤ ਸਿੰਘ ਸਾਬਕਾ ਸਰਪੰਚ ਸਾਧਾਂਵਾਲਾ, ਜਸਵਿੰਦਰ ਸਿੰਘ ਸ਼ਿੰਦੂ ਕਬੱਡੀ ਖਿਡਾਰੀ, ਬੂਟਾ ਸਿੰਘ ਸਾਬਕਾ ਸਰਪੰਚ ਘੋਨੀਵਾਲਾ,ਮੱਖਣ ਸਿੰਘ ਸਾਬਕਾ ਸਰਪੰਚ ਪੱਖੀ ਖੁਰਦ, ਸੁਖਦੇਵ ਸਿੰਘ ਸਾਬਕਾ ਸਰਪੰਚ ਪਿੰਡ ਝਾੜੀਵਾਲਾ,ਭਿੰਦਰਪਾਲ ਸਿੰਘ ਗਿੱਲ,ਗੁਰਕੀਰਤਨ ਸਿੰਘ ਗਿੱਲ,ਸੀਨੀਅਰ ਅਕਾਲੀ ਆਗੂ ਸ਼ਿਮਲਾ ਸਿੰਘ ਗਿੱਲ,ਮੰਦਰ ਸਿੰਘ ਗਿੱਲ ,ਚਮਕੌਰ ਸਿੰਘ ਨੰਬਰਦਾਰ, ਡਾ ਗੁਰਮੀਤ ਸਿੰਘ ,ਰਾਜਿੰਦਰ ਸਿੰਘ ਧਾਲੀਵਾਲ,ਗੁਰਮੇਜ ਸਿੰਘ ਠਾਕਰ ,ਰਾਜਪਾਲ ਸਿੰਘ ਬਰਾਡ ?,ਸਿਮਰਪ੍ਰੀਤ ਸਿੰਘ ਬਰਾਡ ? ,ਸੁਖਦੀਪ ਸਿੰਘ ਬਰਾਡ ?,ਵਾਹਿਗੁਰੂ ਸਿੰਘ ਕਾਬਲਵਾਲਾ ਬਾਵਰੀਆ ਸਮਾਜ ਕਮੇਟੀ ਪ੍ਰਧਾਨ ਫ਼ਰੀਦਕੋਟ,ਸੁਖਦੇਵ ਸਿੰਘ ਫ਼ੌਜੀ ਕਾਬਲਵਾਲਾ, ਸਾਹਿਬਜੀਤ ਸਿੰਘ ਪੰਚ,ਗਿੰਦਾ ਸਿੰਘ ਠੇਕੇਦਾਰ,ਗੁਰਪ੍ਰੀਤ ਪੰਚ ਸਾਧਾਂਵਾਲਾ ਆਦਿ ਨੇ ਸਮੂਹ ਢਾਲਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਇਸ ਮੌਕੇ ਸਮੂਹ ਪੱਤਰਕਾਰਾ ਨੇ ਅਤੇ ਸਮੂਹ ਅਹੁਦੇਦਾਰ ਪੰਚ ਸਰਪੰਚਾਂ ਨੇ ਵਾਹਿਗੁਰੂ ਅੱਗੇ ਅਰਦਾਸ ਕੀ ਬੇਨਤੀ ਕੀਤੀ ਵਿੱਛੜੀ ਹੋਈ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ੇ ਪਿੱਛੇ ਪਰਿਵਾਰ ਯਾਰਾਂ ਦੋਸਤਾਂ ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

# ਸਰਕਾਰੀ ਹਾਈ ਸਕੂਲ ਬਰਸਟ ਵਲੋਂ ਸਾਲਾਨਾ ਇਨਾਮ ਵੰਡ ਤੇ ਸਨਮਾਨ ਸਮਾਰੋਹ ਆਯੋਜਿਤ

**ਪਟਿਆਲਾ/ਇਕਬਾਲ ਸਿੰਘ**

ਸਿੱਖਿਆ ਵਿਭਾਗ ਪੰਜਾਬ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਹਰਿੰਦਰ ਕੌਰ ਦੀ ਰਹਿਨੁਮਾਈ ਹੇਠ ਸਰਕਾਰੀ ਹਾਈ ਸਕੂਲ ਬਰਸਟ ਬਲਾਕ-3 ਜਿਲਾ ਪਟਿਆਲਾ ਵਲੋਂ ਸਾਲਾਨਾ ਇਨਾਮ ਵੰਡ ਤੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ।



ਪ੍ਰੋਗਰਾਮ ਦਾ ਉਦਘਾਟਨ ਸਬ ਇੰਸਪੈਕਟਰ ਬਲਜਿੰਦਰ ਕੁਮਾਰ ਇੰਚਾਰਜ਼ ਪੁਲਿਸ ਸਾਂਝ ਕੇਂਦਰ ਨਾਭਾ ਨੇ ਕੀਤਾ। ਸਮਾਰੋਹ ਦੇ ਮੁੱਖ ਮਹਿਮਾਨ ਉੱਘੇ ਸਮਾਜਸੇਵੀ ਤੇ ਵਾਤਾਵਰਣ ਪ੍ਰੇਮੀ ਭਗਵਾਨ ਦਾਸ ਗੁਪਤਾ ਪ੍ਰਧਾਨ ਇਲੈਕਟ ਰੌਟਰੀ ਕਲੱਬ ਪਟਿਆਲਾ ਮਿਡ ਟਾਊਨ ਤੇ ਪੈਟਰਨ ਰੈਡ ਕਰਾਸ ਸੁਸਾਇਟੀ ਪਟਿਆਲਾ ਸਨ ਜਿਨ੍ਹਾਂ ਨੇ ਪੜਾਈ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਤੇ ਵੱਖ ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡਣ ਤੇ ਸਨਮਾਨਤ ਕਰਨ ਦੀ ਰਸਮ ਅਦਾ ਕੀਤੀ। ਸ੍ਰੀਮਤੀ ਸੰਨੀ ਗੁਪਤਾ ਪੀ.ਈ.ਐਸ-2 ਮੁੱਖ ਅਧਿਆਪਕਾ ਸਰਕਾਰੀ ਹਾਈ ਸਕੂਲ ਬਰਸਟ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਮੁੱਖ ਮਹਿਮਾਨ ਵਿਸ਼ੇਸ਼ ਮਹਿਮਾਨਾਂ ਗ੍ਰਾਮ ਪੰਚਾਇਤ ਪਤਵੰਤੇ ਸੱਜਣਾਂ ਤੇ ਵਿਦਿਆਰਥੀਆਂ ਦੇ ਸਮੂਹ ਮਾਪਿਆਂ ਨੂੰ ਜੀ ਆਇਆਂ ਕਿਹਾ। ਮੁੱਖ ਮਹਿਮਾਨ ਨੇ ਮੁੱਖ ਅਧਿਆਪਕਾ ਤੇ ਸਮੁੱਚੇ ਸਟਾਫ਼, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਮਾਪਿਆਂ ਦੀ ਸ਼ਲਾਘਾ ਕਰਦਿਆਂ ਸਾਲਾਨਾ ਇਨਾਮ ਵੰਡ ਸਮਾਰੋਹ ਦੀ ਸਫਲਤਾ ਲਈ ਵਧਾਈ ਦਿੱਤੀ ਤੇ ਸਕੂਲ ਦੀ ਬਿਹਤਰੀ ਲਈ ਆਪਣੇ ਤੇ ਸੰਸਥਾਂ ਵਲੋਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸਾਂਝ ਕੇਂਦਰ ਨਾਭਾ ਦੇ ਇੰਚਾਰਜ ਸਬ ਇੰਸਪੈਕਟਰ ਬਲਜਿੰਦਰ ਕੁਮਾਰ ਨੇ ਸਬ ਇੰਸਪੈਕਟਰ ਝਰਮਲ ਸਿੰਘ ਇੰਚਾਰਜ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਵਲੋਂ ਸਕੂਲ ਲਈ 7 ਛੱਤ ਵਾਲੇ ਪੱਖੇ ਦੇਣ ਦਾ ਐਲਾਨ ਕੀਤਾ। ਸਬ ਇੰਸਪੈਕਟਰ ਅੰਕੁਰਦੀਪ ਸਿੰਘ ਮੁੱਖ ਅਫਸਰ ਥਾਣਾ ਪਸਿਆਣਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸ੍ਰੀਮਤੀ ਮੀਨਾ ਗੁਪਤਾ ਸਰਪੰਚ ਬਰਸਟ,ਸਬ ਇੰਸਪੈਕਟਰ ਅਕੁੰਰਦੀਪ ਸਿੰਘ ਮੁੱਖ ਅਫਸਰ ਥਾਣਾ ਪਸਿਆਣਾ, ਸਾਬਕਾ ਇਸਪੈਕਟਰ ਪ੍ਰਕਾਸ਼ ਚੰਦ, ਡੀ.ਐਸ.ਪੁਰੀ ਸਾਬਕਾ ਪ੍ਰਬੰਧਕ ਫੂਡ ਕਾਰਪੋਰੇਸ਼ਨ ਆਫ ਇੰਡੀਆ ਤੇ ਸ਼ੈਲੀ ਸ਼ਰਮਾ ਮੁੱਖ ਅਧਿਆਪਕਾ ਸਰਕਾਰੀ ਹਾਈ ਸਕੂਲ ਖੇੜੀ ਮੁਸਲਮਾਨਾਂ ਵਿਸ਼ੇਸ਼ ਮਹਿਮਾਨ ਸਨ। ਮੁੱਖ ਅਧਿਆਪਕਾ ਸ੍ਰੀਮਤੀ ਸੰਨੀ ਗੁਪਤਾ ਨੇ ਦੱਸਿਆ ਕਿ ਅੱਜ ਦੇ ਮੁਕਾਬਲੇ ਦੇ ਯੁੱਗ ਵਿਚ ਸਾਡੇ ਸਰਕਾਰੀ ਸਕੂਲ ਨਿਜੀ ਸਕੂਲਾਂ ਨਾਲੋਂ ਹਰ ਪੱਖੋ ਬਿਹਤਰ ਹਨ। ਸਰਕਾਰੀ ਸਕੂਲ ਬਰਸਟ ਵਿੱਚ ਜਿਥੇ ਅੰਗਰੇਜ਼ੀ ਵੀ ਪੜਾਈ ਜਾਂਦੀ ਹੈ ਉਥੇ ਰਾਸ਼ਟਰੀ ਭਾਸ਼ਾ ਹਿੰਦੀ ਅਤੇ ਸਾਡੀ ਮਾਂ ਬੋਲੀ ਪੰਜਾਬੀ ਨੂੰ ਵੀ ਪੂਰੀ ਮਹੱਤਤਾ ਦਿੱਤੀ ਜਾਂਦੀ ਹੈ। ਇਥੇ ਆਧੁਨਿਕ ਸਾਇੰਸ ਲੈਬ, ਕੰਪਿਊਟਰ ਰੂਮ,ਲਿਸਨਿੰਗ ਲੈਬ, ਸ਼ਾਨਦਾਰ ਲਾਇਬ੍ਰੇਰੀ ਆਦਿ ਸਾਰੀਆਂ ਸਹੂਲਤਾਂ ਹਨ। ਵਿਦਿਆਰਥੀਆਂ ਨੂੰ ਪੁਰਾਤਨ ਸਭਿਆਚਾਰ ਨਾਲ ਜੋੜਕੇ ਰੱਖਣ ਲਈ ਸਮੇਂ ਸਮੇਂ ਉਤੇ ਗਿੱਧਾ ਭੰਗੜਾ ਤੇ ਪੰਜਾਬੀ ਸੱਭਿਆਚਾਰਕ ਦੀਆਂ ਹੋਰ ਵੰਨਗੀਆਂ ਦੇ ਮੁਕਾਬਲੇ ਤੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਆਵਾਜਾਈ ਨਿਯਮਾਂ ਤੇ ਨਸ਼ਾ ਵਿਰੋਧੀ ਜਾਗਰੂਕਤਾ ਜਾਗਰੁਕਤਾ ਸੈਮੀਨਾਰ ਤੇ ਲੈਕਚਰ ਕਰਵਾਏ ਜਾਂਦੇ ਹਨ। ਵਿਦਿਆਰਥੀਆਂ ਦੀ ਚੰਗੀ ਸਿਹਤ ਲਈ ਮੈਡੀਕਲ ਜਾਂਚ ਕੈਂਪ ਵੀ ਲਗਾਏ ਜਾਂਦੇ ਹਨ। ਸਰਕਾਰੀ ਹਾਈ ਸਕੂਲ ਬਰਸਟ ਦੇ ਵਿਦਿਆਰਥੀ ਬਲਾਕ ਤੇ ਜ਼ਿਲ੍ਹਾ ਪੱਧਰ ਦੇ ਖੇਡ ਟੂਰਨਾਮੈਂਟਾਂ ਤੇ ਹੋਰ ਮੁਕਾਬਲਿਆਂ ਵਿੱਚ ਵੀ ਚੰਗੀਆਂ ਪ੍ਰਾਪਤੀਆਂ ਕਰ ਰਹੇ ਹਨ। ਹਿੰਦੀ ਅਧਿਆਪਕ ਗੁਰਦੀਪ ਸਿੰਘ ਨੇ ਮੰਚ ਸੰਚਾਲਨ ਦੇ ਫ਼ਰਜ਼ ਬਾਖ਼ੂਬੀ ਨਿਭਾਏ। ਮੁੱਖ ਅਧਿਆਪਕਾ ਤੇ ਸਟਾਫ, ਸਕੂਲ ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਗ੍ਰਾਮ ਪੰਚਾਇਤ ਵਲੋਂ ਮੁੱਖ ਮਹਿਮਾਨ, ਪਤਵੰਤੇ ਤੇ ਦਾਨੀ ਸੱਜਣਾਂ ਦਾ ਸ਼ਾਨਦਾਰ ਯਾਦਗਾਰੀ ਚਿੰਨ੍ਹ ਤੇ ਫੁੱਲਾਂ ਦੇ ਗੁਲਦਸਤੇ ਦੇਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮੁੱਚਾ ਪ੍ਰੋਗਰਾਮ ਯਾਦਗਾਰੀ ਰਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਵਿੰਦਰ ਸਿੰਘ, ਕੁਲਵਿੰਦਰ ਸਿੰਘ, ਸੁਸ਼ਮਾ ਰਾਣੀ, ਸ਼ੈਫਾਲੀ, ਵਰਿੰਦਰਪਾਲ ਕੌਰ, ਸੰਦੀਪ ਕੌਰ, ਮਨਮਿੰਦਰ ਸਿੰਘ, ਕਿਰਨ ਬਾਲਾ, ਗਗਨਦੀਪ ਸਿੰਘ ਤੋ ਇਲਾਵਾ ਇਲਾਕਾ ਨਿਵਾਸੀ ਤੇ ਵਿਦਿਆਰਥੀਆਂ ਦੇ ਮਾਪੇ ਵੀ ਹਾਜਰ ਸਨ।

# ਖ਼ੂਨ ਦਾਨ ਮਹਾਦਾਨ ਹੈ,ਅੱਗੇ ਆਉਣ ਨੌਜਵਾਨ : ਗੁਰਸ਼ਰਨ ਸਿੰਘ ਕਪੂਰ

**ਕਪੂਰਥਲਾ/ਪਰਮਜੀਤ ਸੰਨੀ**

ਅਨਹਦ ਵੈਲਫੇਅਰ ਸੋਸਾਇਟੀ ਵਲੋਂ ਐਤਵਾਰ ਨੂੰ ਲਗਾਏ ਗਏ ਖ਼ੂਨ ਕੈਂਪ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਸੰਯੁਕਤ ਸਕੱਤਰ ਗੁਰਸ਼ਰਨ ਸਿੰਘ ਕਪੂਰ ਨੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਕੇ ਖ਼ੂਨ ਦਾਨੀਆਂ ਦਾ ਹੌਂਸਲਾ ਵਧਾਇਆ।ਇਸ ਦੌਰਾਨ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਪਾਲ ਸਿੰਘ ਇੰਡੀਅਨ ਸਮੇਤ ਕਈ ਆਪ ਆਗੂਆਂ ਨੇ ਖ਼ੂਨ ਦਾਨ ਕੀਤਾ। ਇਸ ਮੌਕੇ ਤੇ ਗੁਰਸ਼ਰਨ ਸਿੰਘ ਕਪੂਰ ਨੇ ਦੱਸਿਆ ਕਿ ਅੱਜ ਦੇ ਯੁੱਗ ਵਿੱਚ ਖ਼ੂਨਦਾਨ ਮਹਾਂ ਦਾਨ ਹੈ।ਮਨੁੱਖਤਾ ਦੀ ਸੇਵਾ ਵਿੱਚ ਹਮੇਸ਼ਾ ਤਤਪਰ ਰਹਿਣ ਵਾਲੇ ਜਿਲ੍ਹੇ ਵਿੱਚ ਖ਼ੂਨਦਾਤਾ ਅਤੇ ਸੰਸਥਾਨ ਕਾਫ਼ੀ ਹਨ ਪਰ ਕੁੱਝ ਅਜਿਹੇ ਵੀ ਖ਼ੂਨਦਾਤਾ ਹਨ ਜਿਨ੍ਹਾਂ ਨੇ ਆਪਣੇ ਜੀਵਨ ਦਾ ਲਕਸ਼ ਹੀ ਖ਼ੂਨਦਾਨ ਬਣਾ ਲਿਆ ਹੈ ਅਤੇ ਹਰ ਖੁਸ਼ੀ ਦੇ ਮੌਕੇ ਤੇ ਜ਼ਰੂਰਤ ਮੰਦ ਲੋਕਾਂ ਨੂੰ ਖ਼ੂਨ ਦਾਨ ਕਰਕੇ ਖੁਸ਼ੀ ਦਾ ਇਜ਼ਹਾਰ ਕਰਣਾ ਉਨ੍ਹਾਂ ਦੀ ਆਦਤ ਬੰਨ ਗਈ ਹੈ।ਉਨ੍ਹਾਂਨੇ ਕਿਹਾ ਕਿ ਖ਼ੂਨਦਾਨ ਜੀਵਨਦਾਨ ਹੈ।ਸਾਡੇ ਵਲੋਂ ਕੀਤਾ ਗਿਆ ਖ਼ੂਨਦਾਨ ਕਈ ਜਿੰਦਗੀਆਂ ਨੂੰ ਬਚਾਉਂਦਾ ਹੈ।ਇਸ ਗੱਲ ਦਾ ਅਹਿਸਾਸ ਸਾਨੂੰ ਤੱਦ ਹੁੰਦਾ ਹੈ।ਜਦੋਂ ਸਾਡਾ ਕੋਈ ਆਪਣਾ ਖ਼ੂਨ ਲਈ ਜਿੰਦਗੀ ਅਤੇ ਮੌਤ ਦੇ ਵਿੱਚ ਜੂਝਦਾ ਹੈ।ਉਸ ਵਕਤ ਅਸੀ ਨੀਂਦ ਤੋਂ ਜਾਗਦੇ ਹਾਂ ਅਤੇ ਉਸਨੂੰ ਬਚਾਉਣ ਲਈ ਖ਼ੂਨ ਦੇ ਇੰਤਜਾਮ ਦੀ ਜੱਦੋਜਹਿਦ ਕਰਦੇ ਹਾਂ।ਗੁਰਸ਼ਰਨ ਕਪੂਰ ਨੇ ਯੁਵਾਵਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ।ਉਨ੍ਹਾਂਨੇ ਕਿਹਾ ਕਿ ਦੁਰਘਟਨਾ ਜਾਂ ਬਿਮਾਰੀ ਦਾ ਸ਼ਿਕਾਰ ਸਾਡੇ ਵਿੱਚੋ ਕੋਈ ਵੀ ਹੋ ਸਕਦਾ ਹੈ।ਅੱਜ ਅਸੀ ਸਾਰੇ ਸਿਖਿਅਤ ਅਤੇ ਸੰਸਕਾਰੀ/ਸਭਿਆਚਾਰੀ ਸਮਾਜ ਦੇ ਨਾਗਰਿਕ ਹਾਂ,ਜੋ ਕੇਵਲ ਆਪਣੀ ਨਹੀਂ ਸਗੋਂ ਦੂਸਰੀਆਂ ਦੀ ਭਲਾਈ ਲਈ ਵੀ ਸੋਚਦੇ ਹਾਂ।ਤਾਂ ਕਿਉਂ ਨਹੀਂ ਅਸੀ ਖ਼ੂਨਦਾਨ ਦੇ ਪਵਿੱਤਰ ਕਾਰਜ ਵਿੱਚ ਆਪਣਾ ਸਹਿਯੋਗ ਪ੍ਰਦਾਨ ਕਰੀਏ ਅਤੇ ਲੋਕਾਂ ਨੂੰ ਜੀਵਨਦਾਨ ਦਈਏ।ਉਨ੍ਹਾਂਨੇ ਕਿਹਾ ਕਿ ਖ਼ੂਨਦਾਨ ਮਹਾਦਾਨ ਹੈ।ਤੁਸੀ ਸਾਰੇ ਨਿਸਵਾਰਥ ਭਾਵ ਨਾਲ ਖ਼ੂਨ ਦਾਨ ਕਰੋ।ਤੁਹਾਡੀ ਖ਼ੂਨ ਦਾਨ ਦੇ ਪ੍ਰਤੀ ਸਕਾਰਾਤਮਕ ਸੋਚ ਕਿਸੇ ਦਾ ਜੀਵਨ ਬਚਾ ਸਕਦਾ ਹੈ।ਇਸ ਮੌਕੇ ਤੇ ਅਨਮੋਲ ਗਿੱਲ,ਕਵਰਜੀਤ ਸਿੰਘ ਬਾਵਾ,ਅਵਤਾਰ ਸਿੰਘ ਲਾਡੀ,ਕਸ਼ਮੀਰ ਸਿੰਘ,ਮਲਕੀਤ ਸਿੰਘ ਆਦਿ ਮੌਜੂਦ ਸਨ।



# ਲੁਧਿਆਣਾ ’ਚ ਢਾਈ ਘੰਟੇ ਬੈਂਕ ਅੰਦਰ ਬੰਦ ਰਹੇ ਪਿਓ-ਪੁੱਤ, ਬਿਨਾਂ ਜਾਂਚ ਦੇ ਮੁਲਾਜ਼ਮਾਂ ਨੇ ਲਾਇਆ ਤਾਲਾ

**ਲੁਧਿਆਣਾ/ਅਰਜੁਨ ਸਹਿਜਪਾਲ:-** ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀ ਲਾਪਰਵਾਹੀ ਦੇ ਚੱਲਦੇ ਪਿਓ-ਪੁੱਤ ਨੂੰ ਬੈਂਕ ਦੇ ਅੰਦਰ ਬੰਦ ਕਰ ਦਿੱਤਾ ਗਿਆ। ਢਾਈ ਘੰਟੇ ਤਕ ਵਿਅਕਤੀ ਅਤੇ ਉਸ ਦਾ ਪੰਜ ਸਾਲਾ ਪੁੱਤਰ ਬੈਂਕ ਦੇ ਅੰਦਰ ਹੀ ਬੰਦ ਰਹੇ। ਵਿਅਕਤੀ ਨੇ ਇਸ ਸਬੰਧੀ ਪੁਲਿਸ ਕੰਟਰੋਲ ਰੂਮ ’ਤੇ ਸੂਚਨਾ ਦਿੱਤੀ ਜਿਸ ਤੋਂ ਬਾਅਦ ਉਨ੍ਹਾਂ ਨੂੰ ਬੈਂਕ ਦੇ ਅੰਦਰੋਂ ਕੱਢਿਆ ਗਿਆ। ਸੁੰਦਰ ਨਗਰ ਇਲਾਕੇ ’ਚ ਵਾਪਰੀ ਇਸ ਘਟਨਾ ਤੋਂ ਬਾਅਦ ਇਲਾਕਾ ਵਾਸੀਆਂ ਨੇ ਬੈਂਕ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਬੈਂਕ ’ਚੋਂ ਬਾਹਰ ਕੱਢਣ ਤੋਂ ਬਾਅਦ ਪਿਓ ਪੁੱਤ ਦੀ ਮੈਡੀਕਲ ਜਾਂਚ ਕਰਵਾਈ ਗਈ। ਲੋਕਾਂ ਨੇ ਬੈਂਕ ਦੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਜਾਣਕਾਰੀ ਦਿੰਦਿਆਂ ਲੋਕਾਂ ਨੇ ਦੱਸਿਆ ਕਿ ਬੈਂਕ ਵਿੱਚ ਕੋਈ ਵੀ ਸੁਰੱਖਿਆ ਮੁਲਾਜ਼ਮ ਨਹੀਂ ਹੈ, ਜਿਸ ਕਾਰਨ ਬੈਂਕ ਦੇ ਅਧਿਕਾਰੀ ਸ਼ਾਮ ਵੇਲੇ ਜਾਂਦੇ ਸਮੇਂ ਮੁੱਖ ਗੇਟ ਨੂੰ ਤਾਲਾ ਲਗਾ ਦਿੰਦੇ ਹਨ। ਢਾਈ ਘੰਟੇ ਤੱਕ ਬੈਂਕ ਦੇ ਅੰਦਰ ਬੰਦ ਰਹੇ ਵਿਅਕਤੀ ਨੇ ਦੱਸਿਆ ਕਿ ਉਹ ਆਪਣੇ ਬੇਟੇ ਨਾਲ ਕੈਸ਼ ਡਿਪਾਜ਼ਿਟ ਮਸ਼ੀਨ ’ਚ ਨਕਦੀ ਜਮ੍ਹਾ ਕਰਵਾਉਣ ਲਈ ਬੈਂਕ ਆਇਆ ਸੀ। ਇਸ ਦੌਰਾਨ ਬੈਂਕ ਅਧਿਕਾਰੀਆਂ ਨੇ ਸ਼ਟਰ ਨੂੰ ਹੇਠਾਂ ਸੁੱਟ ਕੇ ਤਾਲਾ ਲਗਾ ਦਿੱਤਾ ਅਤੇ ਖੁਦ ਚਲੇ ਗਏ। ਵਿਅਕਤੀ ਨੇ ਦੱਸਿਆ ਕਿ ਉਸ ਨੇ ਰੌਲਾ ਪਾਇਆ ਅਤੇ ਇਹ ਆਖਿਆ ਕਿ ਉਹ ਅੰਦਰ ਫਸਿਆ ਹੋਇਆ ਹੈ ਪਰ ਉਕਤ ਬੈਂਕ ਅਧਿਕਾਰੀ ਉਸ ਨੂੰ ਨਜ਼ਰਅੰਦਾਜ਼ ਕਰ ਕੇ ਚਲੇ ਗਏ। ਬਾਅਦ ’ਚ ਉਸ ਨੇ ਪੁਲਿਸ ਨੂੰ ਫੋਨ ਕੀਤਾ। ਥਾਣਾ ਦਰੇਸੀ ਦੇ ਐੱਸਐੱਚਓ ਸਬ-ਇੰਸਪੈਕਟਰ ਜਗਦੀਪ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਪੁਲੀਸ 10 ਮਿੰਟਾਂ ਵਿੱਚ ਮੌਕੇ ’ਤੇ ਪੁੱਜ ਗਈ। ਪੁਲਿਸ ਨੇ ਬੈਂਕ ਅਧਿਕਾਰੀਆਂ ਨੂੰ ਬੁਲਾਇਆ, ਜਿਨ੍ਹਾਂ ਨੂੰ ਮੌਕੇ ’ਤੇ ਪਹੁੰਚਣ ਲਈ ਘੱਟੋ-ਘੱਟ ਇਕ ਘੰਟੇ ਦਾ ਸਮਾਂ ਲੱਗਾ। ਐੱਸਐੱਚਓ ਨੇ ਕਿਹਾ ਕਿ ਪੁਲਿਸ ਵਿਅਕਤੀ ਦੇ ਬਿਆਨ ਦਰਜ ਕਰਕੇ ਬੈਂਕ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰੇਗੀ।



# ਸ਼ਾਂਤੀ ਦੇਵੀ ਕਾਲਜ ਚ ਫਿਏਸਟਾ ਪ੍ਰੋਗਰਾਮ ਦੌਰਾਨ 16 ਸਕੂਲਾਂ ਦੀਆਂ ਟੀਮਾਂ ਚ ਹੋਏ ਮੁਕਾਬਲੇ

## ਮੁੱਖ ਮਹਿਮਾਨ ਡਾ. ਵਰਿੰਦਰ ਭਾਟੀਆ ਨੇ ਜੇਤੂ ਵਿਦਿਆਰਥੀਆਂ ਨੂੰ ਵੰਡੇ ਇਨਾਮ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਦੇ ਆਡੀਟੋਰੀਅਮ, ਵਿਹੜੇ ਅਤੇ ਸੈਮੀਨਾਰ ਰੂਮ ਵਿੱਚ ਪ੍ਰਿੰਸੀਪਲ ਡਾ: ਰੀਨਾ ਤਲਵਾੜ ਦੀ ਪ੍ਰਧਾਨਗੀ ਹੇਠ ‘ਅੰਤਰ ਸਕੂਲ ਪ੍ਰਤੀਯੋਗਿਤਾ ਫਿਏਸਟਾ 2022’ ਦਾ ਆਯੋਜਨ ਕੀਤਾ ਗਿਆ। ਜਿਸ ਤਹਿਤ ਵੱਖ-ਵੱਖ ਮੁਕਾਬਲੇ ਕਰਵਾਏ ਗਏ, ਜਿਸ ਵਿੱਚ 16 ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ। ਡਾ ਵਰਿੰਦਰ ਭਾਟੀਆ, ਵਾਈਸ ਚੇਅਰਮੈਨ ਨਵੀਂ ਸਿੱਖਿਆ ਨੀਤੀ 2020 ਇੰਪਲੀਮੈਂਟੇਸ਼ਨ ਟਾਸਕ ਫੋਰਸ, ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ: ਵਰਿੰਦਰ ਭਾਟੀਆ ਨੂੰ ਪਿ੍ੰਸੀਪਲ ਡਾ: ਰੀਨਾ ਤਲਵਾੜ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਧਰਮ ਇੰਦੂ ਗੁਪਤਾ , ਸ਼੍ਰੀਮਤੀ ਨਮਿਤਾ ਗੁਪਤਾ ਜੀ, ਇੰਦਰ ਗੁਪਤਾ, ਨੀਲਮ ਗੁਪਤਾ , ਵਾਈਸ ਪ੍ਰਿੰਸੀਪਲ ਡਾ. ਸੁਸ਼ਮਾ ਗੁਪਤਾ ਵੱਲੋਂ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵੇਦ ਉਚਾਰਣ ਅਤੇ ਸੁਆਗਤੀ ਗਾਇਨ ਨਾਲ ਹੋਈ ਜਿਸ ਤੋਂ ਬਾਅਦ ਜੋਤ ਜਗਾਈ ਗਈ। ਪ੍ਰਿੰਸੀਪਲ ਡਾ: ਰੀਨਾ ਤਲਵਾੜ ਨੇ ਪ੍ਰਿੰਸੀਪਲ, ਅਧਿਆਪਕਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਾਲਜ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਉਂਦੇ ਹੋਏ ਕਿਹਾ ਕਿ ‘ਅੰਤਰ ਸਕੂਲ ਪ੍ਰਤੀਯੋਗਤਾ ਫੀਸਟਾ 2022’ ਕਰਵਾਉਣ ਦਾ ਮੁੱਖ ਮੰਤਵ ਬੱਚਿਆਂ ਵਿੱਚ ਸਹਿਯੋਗ ਦੀ ਭਾਵਨਾ ਨੂੰ ਉਜਾਗਰ ਕਰਨਾ ਹੈ।

ਮੁੱਖ ਮਹਿਮਾਨ ਸ਼੍ਰੀ ਵਰਿੰਦਰ ਭਾਟੀਆ ਨੇ ਕਰਮ @ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਕਰਮ ਯੋਗ ਸਾਡੇ ਆਤਮ-ਗਿਆਨ ਨੂੰ ਜਗਾਉਂਦਾ ਹੈ। ਬਿਨਾਂ ਫਲ ਦੇ ਕੰਮ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ। ਜ਼ਿੰਦਗੀ ਕੰਮ ਹੈ, ਤੁਹਾਨੂੰ ਚਲਦੇ ਰਹਿਣਾ ਹੈ। ਸੰਸਕ੍ਰਿਤ ਸਾਡੀ ਸੰਸਕ੍ਰਿਤੀ ਦੀ ਨੀਂਹ ਹੈ। ਮੁੱਖ ਮਹਿਮਾਨ ਡਾ: ਵਰਿੰਦਰ ਭਾਟੀਆ ਨੇ ਮੈਨੇਜਮੈਂਟ, ਪਿ੍ੰਸੀਪਲ ਡਾ: ਰੀਨਾ ਤਲਵਾੜ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਕਿ ਉਨ੍ਹਾਂ ਦੀ ਦੇਖ-ਰੇਖ ਹੇਠ ਇਹ ਕਾਲਜ ਦਿਨ-ਰਾਤ ਦੁੱਗਣਾ ਤਰੱਕੀ ਕਰ ਰਿਹਾ ਹੈ ਅਤੇ ਆਸ ਕਰਦਾ ਹਾਂ ਕਿ ਇਹ ਕਾਲਜ ਭਵਿੱਖ ਵਿਚ ਵੀ ਤਰੱਕੀ ਕਰਦਾ ਰਹੇਗਾ । ਸ਼੍ਰੀਮਤੀ ਮਿਲਨ ਮਹਾਜਨ, ਅਰਪਨਾ ਕੋਹਲੀ, ਈਸ਼ਾ ਗੁਪਤਾ, ਆਰਤੀ, ਸ਼੍ਰੀ ਵਿਨੋਦ ਸ਼ਰਮਾ ਸ਼ਾਮਲ ਸਨ।

ਸ੍ਰੀਮਤੀ ਮਿਲਨ ਮਹਾਜਨ ਨੇ ਕਿਹਾ ਕਿ ਮੈਨੂੰ ਇਸ ਸੰਸਥਾ ਵਿੱਚ ਆ ਕੇ ਮਾਣ ਮਹਿਸੂਸ ਹੋ ਰਿਹਾ ਹੈ। ਸ਼੍ਰੀਮਤੀ ਈਸ਼ਾ ਗੁਪਤਾ ਨੇ ਕਿਹਾ ਕਿ ਪ੍ਰਿੰਸੀਪਲ ਦੇ ਸਿਧਾਂਤ ਕੀ ਹਨ, ਇਹ ਮੈਨੂੰ ਇਸ ਸੰਸਥਾ ਤੋਂ ਸਿੱਖਣ ਨੂੰ ਮਿਲਿਆ ਹੈ। ਡਾ. ਸਮੁੱਚੇ ਸਕੂਲ ਦੇ ਪ੍ਰਿੰਸੀਪਲ ਪਵਨ ਕੁਮਾਰ ਜੀ ਨੇ ਕਿਹਾ ਕਿ ਵਿਦਿਆਰਥੀ ਜੀਵਨ ਹੀ ਟੀਚੇ ਦੀ ਪ੍ਰਾਪਤੀ ਦਾ ਮੁੱਖ ਆਧਾਰ ਹੈ। ਕੋਆਰਡੀਨੇਟਰ ਸ਼੍ਰੀ ਮੋਹਿਤ ਅਗਰਵਾਲ, ਸ਼੍ਰੀਮਤੀ ਏਕਤਾ, ਸ਼੍ਰੀਮਤੀ ਰਮਾ ਕਪੂਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ‘ਫਿਏਸਟਾ 2022’ ਦਾ ਆਯੋਜਨ ਕੀਤਾ ਗਿਆ। ਮੰਚ ਸੰਚਾਲਨ ਡਾ: ਪੂਨਮ ਮਹਾਜਨ ਅਤੇ ਸ੍ਰੀਮਤੀ ਨੀਨੂ ਸ਼ਰਮਾ ਨੇ ਕੀਤਾ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਗੋਵਾਲ ਦੇ ਵਿਦਿਆਰਥੀਆਂ ਨੇ ਸਕਿੱਟਾਂ ਰਾਹੀਂ ਬੱਚਿਆਂ ’ਤੇ ਆਨਲਾਈਨ ਪ੍ਰੀਖਿਆਵਾਂ ਦੇ ਪ੍ਰਭਾਵ ਬਾਰੇ ਖ਼ੂਬਸੂਰਤ ਪ੍ਰਗਟਾਵਾ ਪੇਸ਼ ਕੀਤਾ। ਸੱਭਿਆਚਾਰਕ ਪ੍ਰੋਗਰਾਮ ਤਹਿਤ ਗਰੁੱਪ ਡਾਂਸ ਮੁਕਾਬਲੇ ਵਿੱਚ ਪਹਿਲਾ ਸਥਾਨ ਸੁਮਿੱਤਰਾ ਦੇਵੀ ਸਕੂਲ ਪੀ.ਐਸ.ਈ.ਬੀ., ਦੂਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਗੋਵਾਲ ਅਤੇ ਤੀਜਾ ਸਥਾਨ ਸੁਮਿੱਤਰਾ ਦੇਵੀ ਸਕੂਲ ਸੀ.ਬੀ.ਐਸ.ਈ.ਸੋਲੋ ਡਾਂਸ ਮੁਕਾਬਲੇ ਵਿੱਚ ਪਹਿਲਾ ਸਥਾਨ ਵਿਦਿਕਾ ਸੁਮਿਤਰਾ ਦੇਵੀ ਸਕੂਲ, ਦੂਜਾ ਸਥਾਨ ਦੀਪਕਪ੍ਰੀਤ, ਡੀ.ਆਰ. ਸਮੁੱਚਾ ਸਕੂਲ, ਤੀਜਾ ਸਥਾਨ ਲਿਟਲ ਫਲਾਵਰ ਕਾਨਵੈਂਟ ਸਕੂਲ ਵਿਕਰਮਜੀਤ ਨੇ ਹਾਸਲ ਕੀਤਾ।

ਸਮੂਹ ਗੀਤ ਮੁਕਾਬਲੇ ਵਿੱਚ ਪਹਿਲਾ ਸਥਾਨ ਰਵਨੀਤ, ਆਰੀਆ ਸੀਨੀਅਰ ਸੈਕੰਡਰੀ ਸਕੂਲ, ਦੂਜਾ ਸਥਾਨ ਕਾਰਤਿਕ, ਸੁਮਿੱਤਰਾ ਦੇਵੀ ਸਕੂਲ ਸੀਬੀਐਸਈ, ਤੀਜਾ ਸਥਾਨ ਹਰਪ੍ਰੀਤ, ਲਿਟਲ ਫਲਾਵਰ ਕਾਨਵੈਂਟ ਸਕੂਲ ਨੇ ਪ੍ਰਾਪਤ ਕੀਤਾ।

ਪੀਪੀਟੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਨੀ, ਦੂਜਾ ਸਥਾਨ ਸੁਖਮਨੀ, ਤੀਜਾ ਸਥਾਨ ਖੁਸ਼ੀ ਨੇ ਪ੍ਰਾਪਤ ਕੀਤਾ।

ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਰਿਮਸੀ, ਦੂਜਾ ਸਥਾਨ ਸਲੋਨੀ, ਤੀਜਾ ਸਥਾਨ ਪਾਇਲ ਅਤੇ ਚੇਤਨਾ ਨੇ ਹਾਸਲ ਕੀਤਾ। ਸਲੋਗਨ ਮੁਕਾਬਲੇ ਵਿੱਚ ਪਹਿਲਾ ਸਥਾਨ ਕੁਸ਼ਵੈਨ ਕੌਰ ਮਾਨ, ਦੂਜਾ ਸਥਾਨ ਲਕਸ਼ਤਾ, ਤੀਜਾ ਸਥਾਨ ਅਨਾਮਿਕਾ ਨੇ ਪ੍ਰਾਪਤ ਕੀਤਾ।

ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਕ੍ਰਿਤਿਕਾ ਸ਼੍ਰੀ ਨੰਗਲੀ ਸਕੂਲ ਅਤੇ ਹੇਜ਼ਲ ਸੁਮਿੱਤਰਾ ਦੇਵੀ ਸਕੂਲ ਪੀ.ਐਸ.ਈ.ਬੀ., ਦੂਜਾ ਸਥਾਨ ਰਿਆ ਲਿਟਲ ਫਲਾਵਰ ਕਾਨਵੈਂਟ ਸਕੂਲ ਅਤੇ ਤਨਵੀ ਗੋਬਿੰਦ ਪਬਲਿਕ ਸਕੂਲ, ਤੀਜਾ ਸਥਾਨ ਵੰਸ਼ਿਕਾ, ਸ. ਐੱਸ. ਐਮ ਸਕੂਲ ਦੀ ਪ੍ਰਾਪਤੀ ਕੀਤੀ।

ਐਡ ਮੈਡ ਸ਼ੋਅ ਮੁਕਾਬਲੇ ਵਿੱਚ ਪਹਿਲਾ ਸਥਾਨ ਸੁਮਿੱਤਰਾ ਦੇਵੀ ਸਕੂਲ, ਸੀ.ਬੀ.ਐਸ.ਈ., ਦੂਜਾ ਸਥਾਨ ਗੋਬਿੰਦ ਪਬਲਿਕ ਸਕੂਲ, ਤੀਜਾ ਸਥਾਨ ਸਰਵਹਿੱਤਕਾਰੀ ਵਿਦਿਆਮੰਦਰ ਨੇ ਪ੍ਰਾਪਤ ਕੀਤਾ।

ਬੈਸਟ ਆਊਟ ਆਫ ਵੇਸਟ ਮੁਕਾਬਲੇ ਵਿੱਚ ਪਹਿਲਾ ਸਥਾਨ ਅਨਾਮਿਕਾ, ਦੂਜਾ ਸਥਾਨ ਮਨਪ੍ਰੀਤ, ਤੀਜਾ ਸਥਾਨ ਹਰਪਵਨੀਤ ਕੌਰ ਅਤੇ ਤਾਨੀਆ, ਰਾਧਿਕਾ, ਸਲੋਨੀ ਲਿਟਲ ਫਲਾਵਰ ਕਾਨਵੈਂਟ ਸਕੂਲ ਨੇ ਪ੍ਰਾਪਤ ਕੀਤਾ।

ਇਸ ਦੌਰਾਨ ਮੁੱਖ ਮਹਿਮਾਨ ਵਰਿੰਦਰ ਭਾਟੀਆ , ਪ੍ਰਿੰਸੀਪਲ ਪਵਨ ਕੁਮਾਰ, ਪ੍ਰਿੰਸੀਪਲ ਮੰਜੂ ਬਾਲਾ, ਪ੍ਰਿੰਸੀਪਲ ਸੋਨਿਕਾ, ਟੀਚਰ ਆਰਤੀ ਦੇਵੀ ਅਤੇ ਦਿਵਿਆ, ਸਰਦਾਰ ਸਕਤਰ ਸਿੰਘ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਨਵਲ ਮਹਾਜਨ, ਸਤਪਾਲ ਸ਼ਰਮਾ, ਮਾਨਵ ਮਹਾਜਨ, ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ ਦੇ ਕੋਆਰਡੀਨੇਟਰ ਰਣਦੀਪ ਦੂਤ ਅਤੇ ਪੀ.ਆਰ. ਓ ਡਾ: ਕੁਲਵਿੰਦਰ ਕੌਰ ਛੀਨਾ, ਸ੍ਰੀਮਤੀ ਸੁਨੀਤਾ ਵਰਮਾ ਅਤੇ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸੀ ।

